ਸੀਤਲ ਤਾਘਾਂ



ਗਿ: ਸੋਹਣ ਸਿੰਘ ਸੀਤਲ

ਸੀਤਲ ਤਾਂਘਾਂ

ਸੋਹਣ ਸਿੰਘ 'ਸੀਤਲ'

ਲਾਹੌਰ ਬੁੱਕ ਸ਼ਾਪ, ਲੁਧਿਆਣਾ

SEETAL TAANGHAAN
Sohan Singh 'Seetal'

ਪਹਿਲੀ ਵਾਰ : ਜੂਨ, ੧੯੫੦
ਛੇਵੀਂ ਵਾਰ : ਮਈ, ੧੯੯੫
ਪਹਿਲੀ ਵਾਰ : ਲਾਹੌਰ ਬੁੱਕ ਸ਼ਾਪ ਵਲੋਂ : ੨੦੦੨

ਕੀਮਤ LBS Rs. 35

ਪ੍ਰਕਾਸ਼ਕ : ਤੇਜਿੰਦਰ ਬੀਰ ਸਿੰਘ,
ਲਾਹੌਰ ਬੁੱਕ ਸ਼ਾਪ,
2- ਲਾਜਪਤ ਰਾਇ ਮਾਰਕੀਟ,
ਲੁਧਿਆਣਾ। ਫ਼ੋਨ : 2740738
E-mail:-lahorebookshop@yahoo.com

ਟਾਈਪ ਸੈਟਿੰਗ : ਲੇਜ਼ਰ ਕੈਲੀਗ੍ਰਾਫ਼ਰਜ਼,
ਜਲੰਧਰ। ਫ਼ੋਨ : 457562

ਛਾਪਕ : ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ ਸ਼ਹਿਰ।

ਤਤਕਰਾ

ਸੋਹਣ ਸਿੰਘ 'ਸੀਤਲ' ਰਚਿਤ

ਇਤਿਹਾਸ : ੧. ਵੇਖੀ ਮਾਣੀ ਦੁਨੀਆਂ, ੨. ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ਼ ਬਹਾਦਰ ਜੀ, ੩. ਗੁਰੂ ਗੋਬਿੰਦ ਸਿੰਘ ਜੀ, ੪. ਲਾਸਾਨੀ ਸ਼ਹੀਦ ਗੁਰੂ ਤੇਗ਼ ਬਹਾਦਰ ਜੀ, ੫. ਬੰਦਾ ਸਿੰਘ ਸ਼ਹੀਦ, ੬. ਸਿੱਖ ਰਾਜ ਕਿਵੇਂ ਬਣਿਆਂ, ੭. ਸਿੱਖ ਮਿਸਲਾਂ ਤੇ ਸਰਦਾਰ ਘਰਾਣੇ, ੮. ਸਿੱਖ ਰਾਜ ਤੇ ਸ਼ੇਰੇ ਪੰਜਾਬ, ੯. ਸਿੱਖ ਰਾਜ ਕਿਵੇਂ ਗਿਆ, ੧੦. ਦੁਖੀਏ ਮਾਂ ਪੁੱਤ, ੧੧. ਗੁਰ ਇਤਿਹਾਸ ਦਸ ਪਾਤਸ਼ਾਹੀਆਂ, ੧੨. ਬਾਬਾ ਨਾਨਕ, ੧੩. ਧਰਮ ਦਾ ਰਾਖਾ ਗੁਰੂ ਤੇਗ਼ ਬਹਾਦਰ, ੧੪. ਸਿੱਖ ਸ਼ਹੀਦ ਤੇ ਯੋਧੇ, ੧੫. ਗੁਰਬਾਣੀ ਵਿਚਾਰ, ੧੬. ਮੇਰੇ ਇਤਿਹਾਸਕ ਲੈਕਚਰ।

ਨਾਵਲ : ੧੭. ਜੁੱਗ ਬਦਲ ਗਿਆ, ੧੮. ਜਵਾਲਾ ਮੁਖੀ, ੧੯. ਮੁੱਲ ਦਾ ਮਾਸ, ੨੦.ਪਤਵੰਤੇ ਕਾਤਲ, ੨੧. ਵਿਜੋਗਣ, ੨੨. ਅੰਨ੍ਹੀ ਸੁੰਦਰਤਾ, ੨੩. ਦੀਵੇ ਦੀ ਲੋ, ੨੪. ਜੰਗ ਜਾਂ ਅਮਨ, ੨੫. ਬਦਲਾ, ੨੬. ਈਚੋਗਿਲ ਨਹਿਰ ਤਕ, ੨੭. ਕਾਲੇ ਪਰਛਾਂਵੇਂ, ੨੮. ਪ੍ਰੀਤ ਤੇ ਪੈਸਾ, ੨੯. ਤੂਤਾਂ ਵਾਲਾ ਖੂਹ, ੩੦. ਧਰਤੀ ਦੇ ਦੇਵਤੇ, ੩੧. ਧਰਤੀ ਦੀ ਬੇਟੀ, ੩੨. ਪ੍ਰੀਤ ਕਿ ਰੂਪ, ੩੩. ਸੁੰਞਾਂ ਆਹਲਣਾਂ, ੩੪. ਮ: ਜਿੰਦਾਂ, ੩੫. ਮ: ਦਲੀਪ ਸਿੰਘ।

ਕਵਿਤਾ : ੧. ਵਹਿੰਦੇ ਹੰਝੂ, ੨. ਸੱਜਰੇ ਹੰਝੂ, ੩. ਦਿਲ ਦਰਿਆ, ੪. ਮੇਰੇ ਗੀਤ, ੫. ਮੇਰੀ ਕਵਿਤਾ ਮੇਰੇ ਗੀਤ, ੬. ਮੇਰੀਆਂ ਢਾਡੀ ਵਾਰਾਂ ਪਹਿਲਾ ਭਾਗ, ੭. ਮੇਰੀਆਂ ਢਾਡੀ ਵਾਰਾਂ ਦੂਜਾ ਭਾਗ, ੮. ਮੇਰੀਆਂ ਢਾਡੀ ਵਾਰਾਂ ਤੀਜਾ ਭਾਗ, ੯. ਮੇਰੀਆਂ ਢਾਡੀ ਵਾਰਾਂ ਚੌਥਾ ਭਾਗ, ੧੦. ਨਾਵਲਕਾਰ ਸੋਹਣ ਸਿੰਘ ਸੀਤਲ, ੧੧. ਸਿੱਖ ਇਤਿਹਾਸ ਦੇ ਸੋਮੇ, ਪੰਜ ਭਾਗ।

ਵਾਰਾਂ : ੧. ਸੀਤਲ ਕਿਰਣਾਂ, ੨. ਸੀਤਲ ਸੁਨੇਹੇ, ੩. ਸੀਤਲ ਹੰਝੂ, ੪. ਸੀਤਲ ਹੁਲਾਰੇ, ੫. ਸੀਤਲ ਤਰੰਗਾਂ, ੬. ਸੀਤਲ ਪ੍ਰਸੰਗ, ੭. ਸੀਤਲ ਪ੍ਰਕਾਸ਼, ੮. ਸੀਤਲ ਤਰਾਨੇ, ੯. ਸੀਤਲ ਵਾਰਾਂ, ੧੦. ਸੀਤਲ ਤਾਂਘਾਂ, ੧੧. ਸੀਤਲ ਵਲਵਲੇ, ੧੨. ਸੀਤਲ ਚੰਗਿਆੜੇ, ੧੩. ਸੀਤਲ ਚਮਕਾਂ, ੧੪. ਸੀਤਲ ਰਮਜ਼ਾਂ, ੧੫. ਸੀਤਲ ਉਮੰਗਾਂ, ੧੬. ਸੀਤਲ ਅੰਗਿਆਰੇ, ੧੭. ਸੀਤਲ ਮੁਨਾਰੇ, ੧੮. ਸੀਤਲ ਸੁਗਾਤਾਂ।

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਜੰਗ ਸੰਗਰਾਣਾ ਸਾਹਿਬ

(ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਹਿਲੀ ਲੜਾਈ)

ਮੁਖ਼ਲਸ ਖ਼ਾਂ ਦੀ ਮੌਤ

ਬੀਬੀ ਵੀਰੋ ਜੀ ਦਾ ਵਿਆਹ

ਪੰਜਵੇਂ ਪਾਤਸ਼ਾਹ ਨੇ ਖਿੱਲਰੀ ਹੋਈ ਸਿੱਖੀ ਨੂੰ ਜਥੇਬੰਦ ਕਰ ਕੇ ਇਕ 'ਪੰਥ' ਬਣਾ ਦਿੱਤਾ ਸੀ। ਉਹ ਇਹ ਵੀ ਸਮਝਦੇ ਸਨ ਕਿ ਇਸ ਧਰਮ ਦੀ ਰੱਖਿਆ ਲਈ ਹੁਣ 'ਸ਼ਕਤੀ' ਦੀ ਲੋੜ ਪੂਰੀ ਕਰਨ ਵਾਸਤੇ ਤਿਆਰ ਹੋਣਾ ਜ਼ਰੂਰੀ ਹੈ। ਏਸੇ ਵਾਸਤੇ ਉਹਨਾਂ ਆਪਣੇ ਸਾਹਿਬਜ਼ਾਦੇ (ਗੁਰੂ ਹਰਿ ਗੋਬਿੰਦ ਸਾਹਿਬ ਜੀ) ਨੂੰ ਸ਼ਸਤਰ ਵਿੱਦਿਆ ਸਿਖਾਈ ਸੀ। ਆਪ ਜੀ ਦੇ ਉਪਦੇਸ਼ ਦਾ ਸਦਕਾ ਹੀ ਛੇਵੇਂ ਗੁਰੂ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਗੁਰੂ-ਗੱਦੀ 'ਤੇ ਬੈਠੇ ਸਨ।

ਗੁਰਦੇਵ ਪਿਤਾ ਦੀ ਆਗਿਆ ਦਾ ਪਾਲਨ ਕਰਨ ਵਾਸਤੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਫ਼ੌਜੀ ਤਿਆਰੀ ਆਰੰਭ ਦਿੱਤੀ। 'ਅਕਾਲ ਤਖ਼ਤ' ਉੱਤੇ ਖਲੋ ਕੇ ਮੀਰੀ ਪੀਰੀ ਦੇ ਮਾਲਕ ਨੇ ਇਹ ਉੱਚਾ ਪ੍ਰਣ ਕੀਤਾ :

ਸਾਕਾ

ਜੋ ਆਇਆ ਹੁਕਮ ਅਕਾਲ ਦਾ ਮੈਂ ਆਖ ਸੁਣਾਵਾਂ
ਮੈਂ ਮਾਲਾਂ ਵਾਲੇ ਗਲਾਂ ਵਿਚ ਹੁਣ ਤੇਗ਼ਾਂ ਪਾਵਾਂ
ਮੈਂ ਸੰਤ ਬਣਾਵਾਂ ਸੂਰਮੇ ਹੱਥ ਧਨਖ ਫੜਾਵਾਂ
ਮੈਂ ਸ਼ਕਤੀ ਬਖ਼ਸ਼ਾਂ ਧਰਮੀਆਂ ਤੇ ਪਾਪ ਮਿਟਾਵਾਂ

ਮੈਂ ਸਿੱਖੀ ਅੰਦਰ ਬੀਰ ਰਸ ਭਰ ਸ਼ੇਰ ਬਣਾਵਾਂ
ਇਉਂ ਆਗਿਆ ਪੰਜਵੇਂ ਗੁਰਾਂ ਦੀ ਮੈਂ ਤੋੜ ਚੜ੍ਹਾਵਾਂ

ਪਹਿਲੇ ਗੁਰਾਂ ਨੇ ਸਿੱਖੀ ਨੂੰ 'ਸਿਮਰਨ', 'ਸਿਦਕ','ਸੇਵਾ','ਆਗਿਆ ਪਾਲਨ' ਤੇ 'ਕੁਰਬਾਨੀ' ਦੀ ਦਾਤ ਬਖ਼ਸ਼ੀ ਸੀ। ਛੇਵੇਂ ਪਾਤਸ਼ਾਹ ਨੇ 'ਸ਼ਕਤੀ' ਬਖ਼ਸ਼ ਦਿੱਤੀ। ਅਕਾਲ ਤਖ਼ਤ, ਸ਼ਾਹੀ ਠਾਠ ਤੇ ਫ਼ੌਜੀ ਬਲ ਪੰਥ ਨੂੰ ਪਰਾਪਤ ਹੋ ਗਿਆ। ਕੋਈ ਵੀ ਕੌਮ 'ਬੀਰ ਰਸ' ਤੋਂ ਸੱਖਣੀ, ਅਧੂਰੀ ਹੁੰਦੀ ਹੈ। ਸੋ, ਖ਼ਾਲਸੇ ਨੂੰ ਬੀਰ ਰਸ ਦੇ ਕੇ 'ਪੂਰਨ' ਕਰ ਦਿੱਤਾ। ਸਿੱਖ ਸ਼ਸਤਰ ਚਲਾਉਣੇ ਸਿਖਦੇ ਤੇ ਜੰਗਲਾਂ ਵਿਚ ਸ਼ਕਾਰ ਖੇਡਦੇ।

ਏਸੇ ਸਮੇਂ ਬੀਬੀ ਵੀਰੋ ਜੀ (ਗੁਰੂ ਹਰਿਗੋਬਿੰਦ ਸਾਹਿਬ ਤੇ ਮਾਤਾ ਦਮੋਦਰੀ ਜੀ ਦੀ ਸਪੁੱਤਰੀ) ਦੇ ਵਿਆਹ ਦੀ ਤਿਆਰੀ ਹੋਣ ਲੱਗੀ। ਦਿਨ ਥੋੜ੍ਹੇ ਹੀ ਰਹਿ ਗਏ ਸਨ, ਸੋ, ਜੰਞ ਵਾਸਤੇਂ ਅਨੇਕਾਂ ਪਰਕਾਰ ਦੇ ਪਕਵਾਨ ਤਿਆਰ ਹੋਣ ਲੱਗੇ। ਮਾਤਾ ਦਮੋਦਰੀ ਜੀ ਖ਼ੁਸ਼ੀ ਵਿਚ ਫੁੱਲੇ ਨਾ ਸਮਾਉਂਦੇ। ਸੰਗਤਾਂ ਵੀ ਦੂਰੋਂ ਦੂਰੋਂ ਬੀਬੀ ਜੀ ਵਾਸਤੇ ਸੌਗਾਤਾਂ ਭੇਟਾ ਲੈ ਕੇ ਆਉਂਦੀਆਂ। ਇਕ ਦਿਨ ਕਾਬਲ ਦੀ ਸੰਗਤ ਵੀ ਭੇਟਾ ਲੈ ਕੇ ਆ ਪੁੱਜੀ।

ਜੰਗਲਾ

ਕਾਬਲ ਦੀ ਸੰਗਤ ਰਲ ਮਿਲ ਕੇ, ਗੁਰ ਦਰਸ਼ਨ ਨੂੰ ਆਈ
ਬੀਬੀ ਵੀਰੋ ਦੇ ਵਿਆਹ ਬਦਲੇ ਭੇਟਾ ਬਹੁਤ ਲਿਆਈ
ਲੰਮਾ ਪੈਂਡਾ, ਥੱਕੀ ਸੰਗਤ ਭੁੱਖੀ ਅਤੇ ਤਿਹਾਈ
ਦਰਸ਼ਨ ਕਰ ਮਨ 'ਸੀਤਲ' ਹੋਇਆ, ਦਿਲ ਦੀ ਤਪਤ ਮਿਟਾਈ

ਇਹ ਸੰਗਤ ਦੁਪਹਿਰੇ ਅੰਮ੍ਰਿਤਸਰ ਪੁੱਜੀ। ਉਸ ਦੇ ਆਉਣ ਤੋਂ ਪਹਿਲਾਂ ਹੀ ਲੰਗਰ ਸਮਾਪਤ ਹੋ ਚੁੱਕਾ ਸੀ। ਸੰਗਤ ਪੈਂਡੇ ਦੀ ਥੱਕੀ ਹੋਈ ਸੀ। ਸਭ ਨੂੰ ਸਖ਼ਤ ਭੁੱਖ ਲੱਗੀ ਹੋਈ ਸੀ। ਗੁਰੂ ਮਹਾਰਾਜ ਸੰਗਤ ਨੂੰ ਬੱਚਿਆਂ ਨਾਲੋਂ ਵੀ ਵੱਧ ਪਿਆਰ ਕਰਦੇ ਸਨ। ਜਦ ਹਜ਼ੂਰ ਨੂੰ ਪਤਾ ਲੱਗਾ, ਕਿ ਲੰਗਰ ਸਭ ਵਰਤਿਆ ਜਾ ਚੁੱਕਾ ਹੈ ਤੇ ਨਵੇਂ ਸਿਰਿਓਂ ਐਡੀ ਛੇਤੀ ਤਿਆਰ ਨਹੀਂ ਹੋ ਸਕਦਾ ਤਾਂ, ਸੇਵਾਦਾਰ ਨੂੰ ਭੇਜਿਆ, ਕਿ ਜੰਞ ਵਾਸਤੇ ਤਿਆਰ ਕੀਤੀ ਮਿਠਿਆਈ ਵਿਚੋਂ ਲਿਆ ਕੇ ਸੰਗਤ

ਨੂੰ ਛਕਾਉ। ਸਿੱਖ ਗੁਰੂ ਕੇ ਮਹਿਲਾਂ ਵਿਚ ਗਿਆ। ਅੱਗੋਂ ਮਾਤਾ ਦਮੋਦਰੀ ਜੀ ਨੇ ਕਿਹਾ, ਕਿ ਇਹ ਸਗਨਾਂ ਦੀ ਮਿਠਿਆਈ ਪਹਿਲਾਂ ਜਾਂਞੀ ਮੂੰਹ ਲਾਉਣਗੇ, ਤਾਂ ਫੇਰ ਹੋਰ ਕਿਸੇ ਨੂੰ ਵਰਤਾਈ ਜਾ ਸਕੇਗੀ। ਸਿੱਖ ਨੇ ਇਹ ਉੱਤਰ ਗੁਰੂ ਜੀ ਨੂੰ ਆ ਦਿੱਤਾ। ਮਹਾਰਾਜ ਨੇ ਫੇਰ ਸਿੱਖ ਨੂੰ ਘੱਲਿਆ। ਪਰ ਮਾਤਾ ਜੀ ਨੇ ਫੇਰ ਮੋੜ ਦਿੱਤਾ। ਤਿੱਜੀ ਵਾਰ ਫੇਰ ਘੱਲਿਆ। ਜਦ ਤਿੱਜੀ ਵਾਰ ਵੀ ਸਿੱਖ ਖ਼ਾਲੀ ਮੁੜ ਆਇਆ*, ਤਾਂ ਹਜ਼ੂਰ ਨੇ ਕਿਹਾ, "ਦਮੋਦਰੀ ਜੀ ਭਰਮ ਵਿਚ ਪੈ ਗਏ ਹਨ। ਉਹਨਾਂ ਗੁਰੂ ਕੀ ਸੰਗਤ ਨਾਲੋਂ ਜੰਞ ਨੂੰ ਚੰਗਾ ਸਮਝਿਆ ਹੈ। ਜਿਹੜੀ ਮਿਠਿਆਈ ਗੁਰੂ ਕੀ ਸੰਗਤ ਵਾਸਤੇ ਨਹੀਂ ਦਿੱਤੀ, ਉਹ ਜੰਞ ਵੀ ਨਹੀਂ ਖਾਏਗੀ।"

ਇਹ ਬਚਨ ਸੁਣ ਕੇ ਸਗਤ ਕੰਬ ਉਠੀ, ਪਰ ਕੀ ਬਣ ਸਕਦਾ ਸੀ? ਤੀਰ ਚੱਲ ਚੁਕਾ ਸੀ।

ਏਨੇ ਚਿਰ ਨੂੰ ਇਕ ਹਲਵਾਈ ਸੁੱਖਣਾ ਪੂਰੀ ਕਰਨ ਵਾਸਤੇ ਪੰਜ ਮਣ ਮਿਠਿਆਈ ਲੈ ਕੇ ਹਾਜ਼ਰ ਹੋਇਆ। ਉਹ ਸਿੱਖ, ਮਿਠਿਆਈ ਬੀਬੀ ਜੀ ਦੇ ਵਿਆਹ ਵਾਸਤੇ ਲਿਆਇਆ ਸੀ। ਗੁਰੂ ਜੀ ਦੇ ਹੁਕਮ ਨਾਲ ਸਾਰੀ ਮਿਠਿਆਈ ਸੰਗਤ ਵਿਚ ਵਰਤਾਅ ਦਿੱਤੀ ਗਈ।

ਅਗਲੇ ਦਿਨ ਹਜ਼ੂਰ 'ਗੁਮਟਾਲੇ' ਦੀ ਜੂਹ ਵਿਚ ਸ਼ਕਾਰ ਖੇਡਣ ਗਏ।

ਕਬਿੱਤ

ਮੀਰੀ ਪੀਰੀ ਵਾਲੇ ਗੁਰੂ ਚੜ੍ਹੇ ਸੰਗ ਫ਼ੌਜ ਲੈ ਕੇ
ਜੰਗਲ ਦੇ ਵੱਲ ਚੱਲੇ ਖੇਡਣ ਸ਼ਕਾਰ ਜੀ
ਹੱਥ ਉੱਤੇ ਬਾਜ਼ ਸੋਹੇ ਕਲਗੀ ਸੁਨਹਿਰੀ ਸਿਰ
ਮੋਢੇ 'ਤੇ ਕਮਾਨ ਸਜੀ ਗਲ ਤਲਵਾਰ ਜੀ
ਚਿੱਤਰੇ, ਬਘੇਲੇ, ਰਿੱਛ, ਮ੍ਰਿਗ ਮਤਵਾਲੇ ਹੋਏ
ਤਿੱਤਰ, ਬਟੇਰੇ ਵੇਖ ਜਾਣ ਬਲਿਹਾਰ ਜੀ
ਕਹਿਣ, ਭਾਗਵਾਨ ਅੱਜ ਹੋਇਆ ਪਰਵਾਨ ਜਿਹੜਾ
ਭਵਜਲ ਵਿਚੋਂ ਉਹਦਾ ਹੋ ਜੂ ਬੇੜਾ ਪਾਰ ਜੀ

ਸ਼ਕਾਰ ਖੇਡਦੇ-ਖੇਡਦੇ ਗੁਰੂ ਮਹਾਰਾਜ 'ਗੁਮਟਾਲੇ' ਕੋਲ ਪਿਪਲਾਂ ਦੀ ਛਾਂਵੇਂ ਜਾ ਬੈਠੇ। ਚਾਰ ਕੁ ਕੋਹ ਦੀ ਵਿਥ ਉੱਤੇ 'ਸ਼ਾਹ ਜਹਾਨ' ਵੀ ਸ਼ਕਾਰ ਖੇਡ

---

* ਗੁਰ ਬਿਲਾਸ, ਪਾਤਸ਼ਾਹੀ ੬, ਪੰਨਾ ੪੦੦

ਰਿਹਾ ਸੀ। ਉਸ ਕੋਲ ਬੜਾ ਸੁੰਦਰ ਚਿੱਟਾ ਬਾਜ਼ ਸੀ, ਜੋ ਈਰਾਨ ਦੇ ਬਾਦਸ਼ਾਹ ਨੇ ਭੇਟ ਕੀਤਾ ਸੀ। ਸ਼ਾਹ ਜਹਾਨ ਨੇ ਓਹਾ ਬਾਜ਼ ਗਰੜ ਮਗਰ ਛੱਡਿਆ। ਬਾਜ਼ ਗੱਜਿਆ ਹੋਇਆ ਸੀ। ਉਹ ਗਰੜ ਨੂੰ ਮਾਰਨ ਦੀ ਥਾਂ ਉਸ ਨਾਲ ਉਡਦਾ ਉਡਦਾ ਓਥੇ ਆ ਪੁੱਜਾ, ਜਿੱਥੇ ਗੁਰੂ ਜੀ ਬੈਠੇ ਸਨ। ਸਿੱਖਾਂ ਨੇ ਵੇਖ ਕੇ ਆਪਣਾ ਬਾਜ਼ ਛੱਡਿਆ। ਉਹਨੇ ਗਰੜ ਨੂੰ ਜਾ ਫੜਿਆ ਤੇ ਵਾਪਸ ਡੇਰੇ 'ਤੇ ਆ ਉਤਰਿਆ। ਉਸ ਨਾਲ ਬਾਦਸ਼ਾਹ ਦਾ ਬਾਜ਼ ਵੀ ਓਥੇ ਹੀ ਉੱਤਰ ਪਿਆ। ਸਿੱਖਾਂ ਨੇ ਦੋਵੇਂ ਬਾਜ਼ ਫੜ ਲਏ।

ਗਰਮੀ ਦਾ ਘਬਰਾਇਆ ਹੋਇਆ ਬਾਦਸ਼ਾਹ ਤਾਂ ਲਾਹੌਰ ਨੂੰ ਚਲਾ ਗਿਆ ਤੇ ਆਪਣੇ ਮੀਰ ਸ਼ਕਾਰੀ ਨੂੰ ਕੁਛ ਸਿਪਾਹੀ ਦੇ ਕੇ ਬਾਜ਼ ਮਗਰ ਭੇਜਿਆ। ਸ਼ਾਹੀ ਸ਼ਕਾਰੀ ਬਾਜ਼ ਭਾਲਦੇ ਭਾਲਦੇ ਸਿੱਖਾਂ ਦੇ ਡੇਰੇ ਵਿਚ ਆ ਪੁੱਜੇ। ਉਹਨਾਂ ਆਉਂਦਿਆਂ ਹੀ ਸਿੱਖਾਂ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ, ਕਿ ਤੁਸਾਂ ਬਾਜ਼ ਫੜਿਆ ਕਿਉਂ ਹੈ? ਜੇ ਉਹ ਧੀਰਜ ਨਾਲ ਗੱਲ ਕਰਦੇ, ਤਾਂ ਸ਼ਾਇਦ ਬਾਜ਼ ਦਾ ਝਗੜਾ ਨਾ ਹੀ ਵਧਦਾ। ਪਰ ਸਰਕਾਰੀ ਨੌਕਰ ਸੁਭਾਵਕ ਹੀ ਆਕੜਬਾਜ਼ ਹੁੰਦੇ ਹਨ ਤੇ ਉਹ ਤਾਂ ਮੁਗ਼ਲ ਬਾਦਸ਼ਾਹ ਦੇ ਨੌਕਰ ਸਨ। ਉਹਨਾਂ ਨਰਮੀ ਦੀ ਥਾਂ ਗੱਲ ਹੀ ਬੜੀ ਹੈਂਕੜ ਨਾਲ ਆਰੰਭ ਕੀਤੀ। ਅੱਗੋਂ ਸਿੱਖ ਕਿਸੇ ਦੀ ਧਮਕੀ ਮੰਨਣਾ ਨਹੀਂ ਜਾਣਦੇ ਸਨ। ਸੋ, ਉਹਨਾਂ ਬਾਜ਼ ਦੇਣੋ ਨਾਂਹ ਕਰ ਦਿੱਤੀ। ਉਹਨਾਂ ਕਿਹਾ, ਕਿ ਅਸਾਂ ਕਿਸੇ ਦਾ ਬਾਜ਼ ਚੋਰੀ ਨਹੀਂ ਕੀਤਾ, ਉਡਦਾ ਫੜਿਆ ਹੈ।

ਇਹ ਉੱਤਰ ਸੁਣ ਕੇ ਸ਼ਾਹੀ ਸ਼ਕਾਰੀ ਕਪੜਿਆਂ ਤੋਂ ਬਾਹਰ ਹੋ ਪਏ। ਉਹਨਾਂ ਬੜੇ ਰੁਅਬ ਨਾਲ ਕਹਿਣਾ ਸ਼ੁਰੂ ਕੀਤਾ :

ਮਿਰਜ਼ਾ

ਮੀਰ ਸ਼ਕਾਰੀ ਸ਼ਾਹ ਦੇ, ਬੋਲੇ ਕਰ ਹੰਕਾਰ
ਸਿੱਖਾਂ ਨੂੰ ਧਮਕਾਂਵਦੇ, ਮੁੱਛਾਂ ਤਾਂਈਂ ਸਵਾਰ
ਸ਼ਾਹ ਜਹਾਨ ਦੇ ਬਾਜ਼ 'ਤੇ ਕਿਉਂ ਬੈਠੇ ਮੱਲ ਮਾਰ
ਝੁਕਦਾ ਜਿਸ ਦੇ ਸਾਮ੍ਹਣੇ, ਅੱਜ ਸਾਰਾ ਸੰਸਾਰ

ਸਿੱਕਾ ਜਿਸ ਦਾ ਮੰਨਦੇ, ਕਾਬਲ ਅਤੇ ਕੰਧਾਰ
ਰਹਿੰਦੇ ਜਿਸ ਦੀ ਤਾਬਿਆ, ਰਾਜੇ ਤੇ ਸਰਦਾਰ
ਕੋਈ ਨਾ ਜਿਸ ਦੇ ਸਾਮ੍ਹਣੇ, ਸਕਦਾ ਹੈ ਦਮ ਮਾਰ
ਤੁਸੀਂ ਕੀ ਸਮਝੋ ਆਪ ਨੂੰ, ਕਿਸ ਦੇ ਪਾਣੀ ਹਾਰ?
ਭਲਾ ਜੇ ਚਾਹੋ, ਦੇ ਦਿਓ, ਬਾਜ਼ ਨਾਲ ਸਤਕਾਰ
ਮਾਫ਼ੀ ਮੰਗੋ ਓਸ ਦੀ, ਕੀਤਾ ਜੋ ਤਕਰਾਰ
ਨਹੀਂ ਤਾਂ ਮਾਰੇ ਜਾਉਗੇ, ਕਰ ਕੇ ਬਹੁਤ ਖ਼ੁਆਰ
ਸਣੇ ਗੁਰੂ ਦੇ ਪੰਥ ਨੂੰ ਮੇਟ ਦੇਊ ਸਰਕਾਰ

ਇਹ ਧਮਕੀ ਤੇ ਹੰਕਾਰ ਭਰੇ ਬਚਨ ਸਿੱਖ ਕਦੋਂ ਸਹਾਰਨ ਲੱਗੇ ਸਨ। ਨਾਲੇ ਜਿਹੜੇ ਆਪਣੇ ਗੁਰੂ ਨੂੰ 'ਸੱਚਾ ਪਾਤਸ਼ਾਹ' ਮੰਨਦੇ ਸਨ, ਉਹ ਦੁਨਿਆਵੀ ਝੂਠੇ ਬਾਦਸ਼ਾਹ ਦਾ ਰੋਅਬ ਕਦੋਂ ਝੱਲਦੇ? ਸੋ, ਉਹਨਾਂ ਬੜਾ ਜੋਸ਼ ਭਰਿਆ ਉੱਤਰ ਦਿਤਾ :

ਸਾਕਾ

ਜੋਸ਼ ਸਿੱਖਾਂ ਨੂੰ ਆ ਗਿਆ ਸੁਣ ਬਚਨ ਕਰਾਰੇ
ਕਹਿੰਦੇ : ਕਿਹੜਾ ਬਾਦਸ਼ਾਹ ? ਤੁਸੀਂ ਜਿਦ੍ਹੇ ਸਹਾਰੇ
ਉੱਡੋ ਵਿਚ ਅਸਮਾਨ ਦੇ ਵਾ-ਭਰੇ-ਗੁਬਾਰੇ
ਕੌਣ ਵਿਚਾਰਾ ਸ਼ਾਹ ਜਹਾਨ ਏਥੇ ਦਮ ਮਾਰੇ?
ਮੁੜ ਜੋ ਕੰਨ ਵਲ੍ਹੇਟ ਕੇ ਜੇ ਪ੍ਰਾਣ ਪਿਆਰੇ
ਲੈਂਦੇ ਬਾਜ਼, ਨਾ ਜਾਨ ਵੀ ਦੇ ਬਿਹੋ ਜੇ ਸਾਰੇ

ਫੇਰ ਕੀ ਸੀ? ਏਨੀ ਸੁਣ ਕੇ ਸ਼ਾਹੀ ਨੌਕਰਾਂ ਨੂੰ ਅੱਗ ਲੱਗ ਉਠੀ। ਜੋ ਉਹਨਾਂ ਦੇ ਮੂੰਹ ਆਇਆ, ਸਿੱਖਾਂ ਦੇ ਗੁਰੂ ਮਹਾਰਾਜ ਦੀ ਸ਼ਾਨ ਦੇ ਉਲਟ ਕਹਿਣ ਲੱਗ ਪਏ। ਸਿੱਖ ਵੀ ਅੱਗੋਂ ਜ਼ਰਾ ਤੱਤੇ ਹੋ ਪਏ। ਉਹ ਹੋਰ ਸਭ ਕੁਛ ਸਹਾਰ ਸਕਦੇ ਸਨ, ਪਰ ਗੁਰੂ ਮਹਾਰਾਜ ਦੀ ਨਿਰਾਦਰੀ ਨਹੀਂ ਸਨ ਸਹਾਰ ਸਕਦੇ। ਸਿੱਖਾਂ ਦੀ ਏਨੀ ਦਲੇਰੀ ਵੇਖ ਕੇ ਬਾਦਸ਼ਾਹ ਦੇ ਨੌਕਰ–ਸ਼ਾਹੀ ਰੁਅਬ ਵਿਚ ਹੰਕਾਰੇ ਹੋਏ–ਸਿੱਖਾਂ ਦੇ ਗਲ ਪੈ ਗਏ। ਅੱਗੋਂ ਸਿੱਖ ਵੀ ਤਕੜੇ ਹੋਏ।

ਮੁਕਦੀ ਗੱਲ, ਝਗੜਾ ਲੜਾਈ ਤਕ ਪੁੱਜ ਗਿਆ। ਸਿੱਖਾਂ ਨੇ ਮਾਰ ਕੇ ਸ਼ਾਹੀ ਨੌਕਰ ਭਜਾ ਦਿੱਤੇ[+]। ਮੀਰ ਸ਼ਕਾਰੀ ਨੱਸ ਗਏ, ਤਾਂ ਸਿੱਖਾਂ ਨੇ ਬਾਜ਼ ਗੁਰੂ ਜੀ ਦੀ ਭੇਟਾ ਆ ਕੀਤਾ। ਨਾਲ ਹੀ ਅਰਦਾਸ ਕੀਤੀ, ਕਿ ਮਹਾਰਾਜ! ਇਹ ਬਾਜ਼ ਮੋੜਨਾ ਨਹੀਂ, ਕਿਉਂਕਿ ਇਕ ਵਾਰ ਬਾਦਸ਼ਾਹ ਨੇ ਗੁਰੂ ਘਰ ਦੀ ਭੇਟਾ ਆਉਂਦਾ ਘੋੜਾ ਖੋਹ ਲਿਆ ਸੀ। ਮਹਾਰਾਜ ਨੇ ਸਿੱਖਾਂ ਦੀ ਇਹ ਅਰਦਾਸ ਮੰਨ ਲਈ।

ਓਧਰ ਮੀਰ ਸ਼ਕਾਰੀ ਸ਼ਾਹ ਜਹਾਨ ਕੋਲ ਜਾ ਰੋਏ। ਉਹਨਾਂ ਗੁਰੂ ਜੀ ਦੇ ਵਿਰੁੱਧ ਬਹੁਤ ਕੁਛ ਵਧਾੱ ਚੜ੍ਹਾੱ ਕੇ ਕਿਹਾ। ਗੁਰੂ ਘਰ ਦੇ ਹੋਰ ਵਿਰੋਧੀਆਂ ਵੀ ਮਹਾਰਾਜ ਦੀ ਵਿਰੋਧਤਾ ਕੀਤੀ ਤੇ ਸਿੱਖਾਂ ਦੀ ਫ਼ੌਜੀ ਤਿਆਰੀ ਨੂੰ ਮੁਗ਼ਲ ਰਾਜ ਦੇ ਵਿਰੁੱਧ ਬਗ਼ਾਵਤ ਦਾ ਮੂਲ ਕਾਰਨ ਦੱਸਿਆ। ਇਹ ਮਸਾਲੇਦਾਰ ਗੱਲਾਂ ਸੁਣ ਕੇ, ਬਾਦਸ਼ਾਹ ਸ਼ਾਹ ਜਹਾਨ ਭੜਕ ਉਠਿਆ। ਉਹਨੇ ਮੁਖ਼ਲਸ ਖ਼ਾਨ ਜਰਨੈਲ ਨੂੰ ਬੁਲਾੱ ਕੇ ਗੁਰੂ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿੱਤਾ।

ਵਾਰ

ਇਹ ਵਾਰਤਾ ਸੁਣੀ ਜਾਂ ਬਾਦਸ਼ਾਹ
ਲਹੂ ਅੱਖੀਆਂ ਦੇ ਵਿਚ ਗਿਆ ਆ
ਤਨ ਤਪ ਗਿਆ ਵਾਂਗ ਤੰਦੂਰ ਦੇ
ਦਿੱਤੇ ਕਾਲਜੇ ਕਰੋਧ ਲੰਬੂ ਲਾ
ਝੱਟ ਮੁਖ਼ਲਸ ਖ਼ਾਨ ਨੂੰ ਬੁਲਾਇਕੇ
ਮੂੰਹੋਂ ਆਖਦਾ ਮੱਥੇ ਵੱਟ ਪਾ
ਸਣੇ ਬਾਜ਼ ਹਿੰਦੂਆਂ ਦੇ ਪੀਰ ਨੂੰ
ਕੱਲ੍ਹ ਤਕ ਮੇਰੇ ਸਾਮ੍ਹਣੇ ਲਿਆ
ਜਿਹੜੇ ਨਵੇਂ ਨਵੇਂ ਸਾਜੇ ਓਸ ਸੂਰਮੇ
ਇਕ ਇਕ ਧਾਰ ਤੇਗ਼ ਦੀ ਲੰਘਾ
ਲਾਹ ਦੇ ਪਾਣ ਜਿਹੜੀ ਚੜ੍ਹੀ ਹੰਕਾਰ ਦੀ

+ ਮੈਕਾਲਫ਼ ਦੇ ਸਿੱਖ ਇਤਿਹਾਸ ਦਾ ਪੰਜਾਬੀ ਤਰਜਮਾ, ਫੁਲਵਾੜੀ ਏਜੰਸੀ ਵੱਲੋਂ ਛਪਿਆ ੧੯੩੨ ਈ. ਵਿਚ, ਹਿੱਸਾ ਤਿੱਜਾ, ਪੰਨਾ ੯੦।

ਸਾਰਾ ਮਾਣ ਵਿਚ ਖ਼ਾਕ ਦੇ ਮਿਲਾ
ਬਾਗ਼ੀ-ਪੁਣਾ ਉਹਦਾ ਸਾਰਾ ਅੱਜ ਕਢ ਦਿਹ
ਪਾ ਕੇ ਪੈਰਾਂ ਵਿਚ ਬੇੜੀਆਂ ਲਿਆ
ਮੈਂ ਵੀ ਕਰਾਂ ਜਿਹੜੀ ਕੀਤੀ ਮੇਰੇ ਬਾਪ ਨੇ
ਉਹਦੇ ਪਿਤਾ ਕੋਲ ਓਸ ਨੂੰ ਪੁਚਾ

ਇਹ ਕਰੜਾ ਹੁਕਮ ਸੁਣ ਕੇ ਮੁਖ਼ਲਸ ਖ਼ਾਂ ਨੇ ਓਸੇ ਵੇਲੇ ਲਾਹੌਰੋਂ ਤਿਆਰੀ ਕਰ ਲਈ। ਸੱਤ ਹਜ਼ਾਰ ਫ਼ੌਜ ਉਹਦੀ ਆਪਣੀ ਸੀ ਤੇ ਕੁਛ ਫ਼ੌਜ ਉਹਨੇ ਹੋਰ ਆਪਣੀ ਮਦਦ ਵਾਸਤੇ ਲੈ ਲਈ। ਏਸ ਮੁਹਿੰਮ ਨੂੰ ਉਹ ਮੁਫ਼ਤ ਦੀ ਭੱਲ ਸਮਝਦਾ ਸੀ। ਉਹਦਾ ਖ਼ਿਆਲ ਸੀ, ਕਿ ਗੁਰੂ ਕੋਲ ਕਿਹੜੀ ਬਾਕਾਇਦਾ ਫ਼ੌਜ ਹੈ? ਜਾਤ-ਜਾਤ ਦੇ ਕੱਠੇ ਕੀਤੇ ਹੋਏ ਸਿੱਖ ਪਹਿਲੀ ਗੋਲੀ ਦੀ ਵਾਜ ਸੁਣ ਕੇ ਹੀ ਨੱਸ ਜਾਣੇ ਹਨ। ਸੋ, ਉਹਨੇ ਬੜੀ ਖ਼ੁਸ਼ੀ ਨਾਲ ਤਿਆਰੀ ਕੀਤੀ।

ਸਾਕਾ

ਮੁਖ਼ਲਸ ਧੌਂਸੇ ਮਾਰ ਕੇ ਕਰ ਲਈ ਚੜ੍ਹਾਈ
ਸੈਨਾ ਸੱਤ ਹਜ਼ਾਰ ਲੈ ਕਰ ਤੁਰਿਆ ਧਾਈ
ਫੜਨਾ ਹੱਥੀਂ ਗੁਰੂ ਨੂੰ ਉਸ ਕਸਮ ਉਠਾਈ
ਅੰਮ੍ਰਿਤਸਰ ਵੱਲ ਆਉਂਦਾ ਉਹ ਵਾਹੋ ਦਾਹੀ
ਧੂੜ ਚੜ੍ਹੀ ਅਸਮਾਨ, ਜਿਉਂ ਸਾਵਣ ਘਟ ਛਾਈ
ਮੌਤ ਘੇਰ ਕੇ ਓਸ ਨੂੰ ਜਮ-ਦੁਆਰ ਲਿਆਈ

ਲਾਹੌਰ ਦੀ ਸੰਗਤ ਨੂੰ ਤੁਰਕ ਫ਼ੌਜ ਦੀ ਚੜ੍ਹਾਈ ਦਾ ਪਤਾ ਲੱਗਾ, ਤਾਂ ਉਹਨੇ ਚਿੱਠੀ ਲਿਖ ਕੇ ਰਾਤੋ ਰਾਤ ਇਕ ਸਿੱਖ ਨੂੰ ਗੁਰੂ ਜੀ ਦੇ ਕੋਲ ਭੇਜ ਦਿੱਤਾ। ਹਜ਼ੂਰ ਪਹਿਲਾਂ ਤੋਂ ਹੀ ਵੈਰੀ ਦੀ ਫ਼ੌਜ ਦੀ ਉਡੀਕ ਕਰ ਰਹੇ ਸਨ। ਉਹਨਾਂ ਓਸੇ ਵੇਲੇ ਸਿੱਖਾਂ ਨੂੰ ਕੱਠੇ ਕੀਤਾ ਤੇ ਵੈਰੀ ਦੇ ਟਾਕਰੇ ਲਈ ਇਉਂ ਜੋਸ਼ ਦੇਣ ਲੱਗੇ :

ਮਿਰਜ਼ਾ

ਬੋਲੇ ਤੇਗ਼ ਲਿਸ਼ਕਾ ਕੇ ਸੱਚੇ ਪਾਤਸ਼ਾਹ
ਸੁਣੋ ਖ਼ਾਲਸਾ ਜੀ ਨਾਲ ਧਿਆਨ

ਬਲ ਤੁਸਾਂ ਦਾ ਪਰਖਣੇ ਵਾਸਤੇ
ਚੜ੍ਹ ਆਏ ਬਲੀ ਮੁਗ਼ਲ, ਪਠਾਨ
ਓਟ ਰੱਖ ਕੇ 'ਅਕਾਲ' ਦੀ ਸੂਰਿਓ
ਐਸੀ ਜੰਗ ਵਿਚ ਵਾਹੋ ਕਿਰਪਾਨ
ਗਾਨੇ ਬੰਨ੍ਹ ਕੇ ਸ਼ਹੀਦੀਆਂ ਦੇ ਆਏ ਜੋ
ਪੂਰੇ ਉਹਨਾਂ ਦੇ ਕਰੋ ਅਰਮਾਨ
ਜਿਉਂਦਾ ਬਚ ਕੇ ਮੈਦਾਨ ਵਿਚੋਂ ਜਾਏ ਨਾ
ਆਇਆ ਸਾਮ੍ਹਣੇ ਕੋਈ ਬਲਵਾਨ
ਪਹਿਲੀ ਹੋਲੀ ਅੱਜ ਖ਼ਾਲਸੇ ਨੇ ਖੇਡਣੀ
ਗੂੜ੍ਹਾ ਰੰਗਣਾ ਜੇ ਕੌਮ ਦਾ ਨਸ਼ਾਨ
ਮਹਿਲ ਓਸੇ ਉੱਤੇ ਉਸਰੇਗਾ ਕੌਮ ਦਾ
ਅੱਜ ਨੀਂਅ ਜਿਹੜੀ ਧਰੋਗੇ ਜੁਆਨ
ਸਾਡੀ ਅੱਜ ਦੀ ਬਹਾਦਰੀ 'ਸੀਤਲਾ'
ਯਾਦ ਜੁੱਗਾਂ ਤੀਕ ਰਖੇਗਾ ਜਹਾਨ

ਹਜ਼ੂਰ ਦੀ ਇੱਛਿਆ ਸੀ, ਕਿ ਲੜਾਈ ਸ਼ਹਿਰੋਂ ਬਾਹਰ ਹੋਏ। ਸੋ ਉਹਨਾਂ ਨੇ ਪੰਝੀ ਸਿੱਖਾਂ ਨੂੰ ਤਾਂ ਕਿਲ੍ਹਾ ਲੋਹਗੜ੍ਹ ਵੱਲ ਭੇਜਿਆ, ਕਿ ਆਉਂਦੇ ਵੈਰੀ ਨੂੰ ਡੱਕਾ ਪਾਉਣ, ਤੇ ਕੁਛ ਸਿੱਖਾਂ ਨੂੰ ਪਰਵਾਰ ਬਾਹਰ ਭੇਜਣ ਦਾ ਪਰਬੰਧ ਕਰਨ ਦਾ ਹੁਕਮ ਦਿੱਤਾ। ਸ਼ਹਿਰ ਨਿਵਾਸੀਆਂ ਨੂੰ ਵੀ ਆੱਗਿਆ ਦੇ ਦਿੱਤੀ, ਕਿ ਜਿਹੜੇ ਚਾਹੁਣ, ਉਹ ਸ਼ਹਿਰੋਂ ਬਾਹਰ ਚਲੇ ਜਾਣ।

ਲੋਹਗੜ੍ਹ ਦੀ ਰਾਖੀ ਵਾਸਤੇ ਜਾਣ ਵਾਲੇ ਸਿੱਖਾਂ ਬੇਨਤੀ ਕੀਤੀ, "ਮਹਾਰਾਜ! ਕਿਲ੍ਹੇ ਦੀਆਂ ਕੰਧਾਂ ਕੱਚੀਆਂ ਤੇ ਛੋਟੀਆਂ ਹਨ ਤੇ ਸਾਡੇ ਕੋਲ ਤੋਪਾਂ ਵੀ ਕੋਈ ਨਹੀਂ।"

ਗੁਰੂ ਜੀ ਨੇ ਉੱਤਰ ਵਿਚ ਕਿਹਾ, "ਸਿੱਖੋ! ਕਿਲ੍ਹਿਆਂ ਦੀਆਂ ਕੰਧਾਂ ਦੀ ਪਕਿਆਈ ਸਿਪਾਹੀਆਂ ਦੇ ਹੌਸਲੇ ਉੱਤੇ ਨਿਰਭਰ ਹੁੰਦੀ ਹੈ। ਕੰਧਾਂ ਭਾਵੇਂ ਲੋਹੇ ਦੀਆਂ ਵੀ ਹੋਣ, ਜੇ ਉਹਦੇ ਰਖਵਾਲੇ ਹੌਸਲਾ ਹਾਰ ਦੇਣ, ਤਾਂ ਉਹ ਰੇਤ ਨਾਲੋਂ ਵੀ ਕਮਜ਼ੋਰ ਹੋ ਜਾਂਦੀਆਂ ਹਨ, ਪਰ ਜੇ ਸੂਰਮਿਆਂ ਦਾ ਹੌਸਲਾ ਕਾਇਮ ਰਹੇ,

ਤਾਂ ਕੱਚੀਆਂ ਕੰਧਾਂ ਵੀ ਫ਼ੌਲਾਦ ਦੀਆਂ ਬਣ ਜਾਂਦੀਆਂ ਹਨ। ਤੁਸੀਂ ਓਥੇ ਜਾਓ ਹੀ ਉਹ, ਜਿਨ੍ਹਾਂ ਨੂੰ ਸ਼ਹੀਦ ਹੋਣਾ ਪਰਵਾਨ ਹੋਵੇ। ਬਾਕੀ ਗੱਲ ਰਹੀ ਤੋਪਾਂ ਦੀ, ਲੱਕੜੀ ਦੀਆਂ ਤੋਪਾਂ ਵਿਚ ਪੱਥਰ ਦੇ ਗੋਲੇ ਪਾ ਕੇ ਚਲਾਓ। ਅਕਾਲ ਪੁਰਖ ਭਲੀ ਕਰੇਗਾ।"

ਇਹ ਦਲੇਰੀ ਭਰੇ ਸ਼ਬਦ ਸੁਣ ਕੇ ਪੰਝੀ ਸਿੱਖ ਲੋਹਗੜ੍ਹ ਦੀ ਰਾਖੀ ਵਾਸਤੇ ਚਲੇ ਗਏ।

ਉਸ ਵੇਲੇ ਗੁਰੂ ਜੀ ਕੋਲ ਚੋਣਵੇਂ ਸਿੱਖ ਇਹ ਸਨ : ਬਿਧੀ ਚੰਦ, ਮੋਹਨ, ਗੋਪਾਲ, ਨਵਲੂ (ਨਿਵਾਲਾ), ਨਿਹਾਲਾ, ਪਿਰਾਣਾ, ਜੈਤਾ, ਮਲਕ ਜਾਤੀ (ਜਾਤੀ ਮੱਲ), ਪੈਂਦੇ ਖ਼ਾਂ ਪਠਾਣ, ਸਿੰਘਾ ਪ੍ਰੋਹਤ, ਤੋਤਾ, ਕਿਸ਼ਨਾ, ਤਖ਼ਤੂ, ਦਿਆਲ, ਤਲੋਕਾ, ਦੇਵੀਦਾਸ, ਅਨੰਤਾ, ਹੀਰਾ, ਪੈੜਾ, ਜੇਠਾ, ਧੀਰਾ, ਸਾਈਂ ਦਾਸ, ਭਗਤੂ, ਬਾਬਕ ਰਬਾਬੀ, ਭਾਨੂੰ, ਪਿਰਾਗਾ, ਨੰਦਾ, ਅਮੀਆਂ, ਮੋਹਰੂ ਰੰਧਾਵਾ ਆਦਿ।

ਦੂੱਜੇ ਪਾਸੇ ਵੈਰੀ ਦੀ ਫ਼ੌਜ ਦੇ ਨਾਮਵਰ ਅਫ਼ਸਰ ਇਹ ਸਨ : ਸਾਰੀ ਫ਼ੌਜ ਦਾ ਜਰਨੈਲ ਮੁਖ਼ਲਸ ਖ਼ਾਂ। ਉਹਦੇ ਮਾਤਹਿਤ : ਸ਼ੰਮਸ ਖ਼ਾਂ, ਅਨਵਰ ਖ਼ਾਂ, ਸੱਯਦ ਮੁਹੰਮਦ ਅਲੀ, ਮਿਰਜ਼ਾ ਬੇਗ, ਲੁਤਫੁੱਲਾ ਖ਼ਾਂ, ਇਸਮਾਈਲ ਖ਼ਾਂ, ਦੂੰਦੇ ਖ਼ਾਂ, ਦਲ ਬੇਗ, ਬਲੀ ਬੇਗ, ਜ਼ੈਨ ਖ਼ਾਂ, ਖ਼ਾਨ ਬਹਾਦਰ (ਬਹਾਦਰ ਖ਼ਾਂ), ਕਰੀਮ ਬੇਗ, ਰਹੀਮ ਬੇਗ, ਅਲੀ ਬੇਗ, ਜੰਗ ਬੇਗ, ਖ਼ਵਾਜਾ ਬੇਗ, ਮੌਜ ਬੇਗ, ਹਯਾਤ ਬੇਗ, ਸੁਲਤਾਨ ਬੇਗ, ਕਾਇਮ ਖ਼ਾਂ, ਇਨਾਇਤ ਖ਼ਾਂ, ਕਲੰਦਰ ਖ਼ਾਂ, ਮੁਹੰਮਦ ਖ਼ਾਂ, ਸਲਾਮਤ ਖ਼ਾਂ, ਅਲਮਾਸ ਖ਼ਾਂ, ਜਹਾਨ ਖ਼ਾਂ, ਦੌਲਤ ਖ਼ਾਂ, ਮੁਜ਼ੱਫ਼ਰ ਖ਼ਾਂ, ਹੈਦਰ ਖ਼ਾਂ, ਦੀਦਾਰ ਅਲੀ ਆਦਿ।

ਭਾਈ ਮੋਹਨ ਆਦਿ ਪੰਝੀ ਸੂਰਮੇ ਕਿਲ੍ਹਾ ਲੋਹਗੜ੍ਹ ਵਿਚ ਬੈਠੇ ਵੈਰੀ ਦੀ ਉਡੀਕ ਕਰ ਰਹੇ ਸਨ। ਅੱਧੀ-ਕੁ ਰਾਤ ਗਈ ਸੀ, ਜਾਂ ਵੈਰੀ ਦੀ ਫ਼ੌਜ ਲੋਹਗੜ੍ਹ ਕੋਲ ਅਪੜੀ। ਅੱਗੋਂ ਸਿੱਖਾਂ ਨੇ ਲਲਕਾਰਿਆ, ਤਾਂ ਮੁਖ਼ਲਸ ਖ਼ਾਂ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ। ਲੱਗੀਆਂ ਦੋਹਾਂ ਪਾਸਿਆਂ ਤੋਂ ਤੋਪਾਂ ਤੇ ਗੋਲੀਆਂ ਚੱਲਣ।

ਕਬਿਤ

ਲੋਹਗੜ੍ਹ ਤਾਈਂ ਘੇਰਾ ਆਣ ਪਾਇਆ ਵੈਰੀਆਂ ਨੇ
'ਅਲੀ-ਅਲੀ' ਕਰ ਚੁੱਕ ਲਿਆ ਅਸਮਾਨ ਜੀ
ਸਿੱਖ ਸਾਰੇ ਪੰਝੀ, ਵੈਰੀ ਸੱਤ-ਕੁ ਹਜ਼ਾਰ ਲੱਥੇ
ਤੀਰਾਂ ਗੋਲੀਆਂ ਦਾ ਲੱਗੇ ਮੀਂਹ ਬਰਸਾਨ ਜੀ
ਲੱਕੜ ਦੀ ਤੋਪ ਵਿਚ ਪੱਥਰ ਦੇ ਗੋਲੇ ਪਾ ਕੇ
ਬੋਲ ਕੇ 'ਅਕਾਲ' ਲੱਗੇ ਖ਼ਾਲਸੇ ਚਲਾਨ ਜੀ
'ਸੀਤਲ' ਅਨੋਖੀ ਲੀਲ੍ਹਾ ਵੇਖੋ 'ਸੱਚੇ ਪਾਤਸ਼ਾਹ' ਦੀ
ਲੱਕੜ ਦੀ ਤੋਪ ਲਾਹੇ ਵੈਰੀਆਂ ਦੇ ਘਾਨ ਜੀ

ਗੁਰੂ ਨਾਨਕ ਦੇ ਘਰ ਦੀ ਵਡਿਆਈ ਵੇਖੋ। ਲੱਕੜ ਦੀ ਤੋਪ ਵਿਚੋਂ ਚੱਲੇ ਹੋਏ ਪੱਥਰ ਦੇ ਗੋਲੇ ਵੈਰੀ ਦੀ ਫ਼ੌਜ ਦੇ ਆਹੂ ਲਾਹੁਣ ਲੱਗੇ। ਵੈਰੀ ਦੀ ਫ਼ੌਜ ਨੂੰ ਇਹ ਆਸ ਨਹੀਂ ਸੀ, ਕਿ ਸਿੱਖ ਅੱਗੋਂ ਟਾਕਰਾ ਕਰਨਗੇ। ਉਹ ਤਾਂ ਏਸ ਚਾਅ ਵਿਚ ਤੁਰੇ ਆਉਂਦੇ ਸਨ, ਕਿ ਜਾਂਦਿਆਂ ਹੀ ਗੁਰੂ ਨੂੰ ਹੱਥੀਂ ਫੜ ਲਵਾਂਗੇ, ਪਰ ਇਸ ਅਨੋਖੇ ਟਾਕਰੇ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਮੁਸਲਮ ਫ਼ੌਜ ਘਬਰਾ ਕੇ ਭੱਜ ਉਠੀ। ਮੁਖ਼ਲਸ ਖ਼ਾਂ ਨੇ ਆਪਣਾ ਆਪ ਸੰਭਾਲ ਕੇ ਤੇ ਫ਼ੌਜ ਨੂੰ ਬੜੀ ਸਖ਼ਤ ਤਾੜਨਾ ਕਰ ਕੇ ਡਾਢਾ ਕਹਿਰੀ ਹੱਲਾ ਕਿਲ੍ਹੇ ਉੱਤੇ ਕੀਤਾ।

ਵਾਰ

ਵੇਖੇ ਭੱਜਦੇ ਸਿਪਾਹੀ ਜਰਨੈਲ ਨੇ
ਫੇਰ ਜ਼ੋਰ ਦੀ ਹੱਲਾ ਕਰਵਾਇਆ
ਨੇੜੇ ਆਣ ਕੇ ਕਿਲ੍ਹੇ ਦੇ ਤੋਪਾਂ ਬੀੜੀਆਂ
ਨਾਲੇ ਫ਼ੌਜਾਂ ਨੂੰ ਵੰਗਾਰ ਕੇ ਵਧਾਇਆ
ਗੋਲੇ ਚੱਲਦੇ ਬੱਦਲ ਜਿਵੇਂ ਗੱਜਦੇ
ਉਤੋਂ ਗੋਲੀਆਂ ਗੜਾ ਬਰਸਾਇਆ
ਕੀਤਾ ਪੰਝੀਆਂ ਹਜ਼ਾਰਾਂ ਨਾਲ ਟਾਕਰਾ
ਸ਼ੇਰਾਂ ਨਾਲੋਂ ਵੱਧ ਹੌਸਲਾ ਵਿਖਾਇਆ

ਕੋਈ ਵਾਰੀ ਹੱਲਾ ਵੈਰੀਆਂ ਦਾ ਰੋਕਿਆ
ਕੋਈ ਵਾਰ ਮਾਰ ਪਿਛੇ ਪਰਤਾਇਆ
ਤੀਰ ਗੋਲੀਆਂ ਸਿੱਖਾਂ ਤੋਂ ਜਦ ਮੁਕ ਗਏ
ਹੱਥੀਂ ਨੇਜ਼ਿਆਂ ਨੂੰ ਫੇਰ ਚਮਕਾਇਆ
ਕੋਈ ਸੂਤ ਕੇ ਭਗਉਤੀਆਂ ਟੁੱਟ ਪਏ
ਭੇਡਾਂ ਵਾਂਗ ਅੱਗੇ ਵੈਰੀਆਂ ਨੂੰ ਲਾਇਆ
ਅੰਤ ਬਹੁਤਿਆਂ ਤੇ ਥੋੜ੍ਹਿਆਂ ਦਾ ਮੇਲ ਕੀ
ਹੁੰਦੇ ਸਾਸ ਹੱਥ ਚੰਗਾ ਦਿਖਲਾਇਆ
ਸਾਰੇ ਸਨਮੁਖ ਪਾ ਗਏ ਸ਼ਹੀਦੀਆਂ
ਮੌਤੋਂ ਡਰ ਕਿਸੇ ਮੁੱਖ ਨਾਂ ਭੁਆਇਆ
ਸੱਚਖੰਡ ਪਰਵਾਨ ਹੋਏ 'ਸੀਤਲਾ'
ਪਿੱਛੇ ਜੱਸ ਦੁਨੀਆਂ ਵਿਚ ਪਾਇਆ

ਓਧਰ ਲੋਹਗੜ੍ਹ ਲੜਾਈ ਸ਼ੁਰੂ ਹੋ ਗਈ ਤੇ ਇਧਰ ਗੁਰੂ ਜੀ ਨੇ ਭਾਈ ਨਿਵਲੇ ਨੂੰ ਸੌ ਸਵਾਰ ਦੇ ਕੇ ਹੁਕਮ ਦਿੱਤਾਂ, ਕਿ ਪਰਵਾਰ ਨੂੰ ਰਾਮਸਰ ਵੱਲ ਲੈ ਚੱਲੋ। ਹੁਕਮ ਦੀ ਪਾਲਣਾ ਕੀਤੀ ਗਈ। ਮਾਤਾ ਦਮੋਦਰੀ ਜੀ, ਮਾਤਾ ਮਰਵਾਹੀ ਜੀ, ਮਾਤਾ ਨਾਨਕੀ ਜੀ, ਤੇਗ਼ ਬਹਾਦਰ ਜੀ, ਕੌਲਾਂ ਆਦਿ ਸਭ ਰਾਮਸਰ ਜਾ ਕੱਠੇ ਹੋਏ। ਮਹਾਰਾਜ ਵੀ ਸ੍ਰੀ ਅਕਾਲ ਤਖ਼ਤ ਤੇ ਹਰਿਮੰਦਰ ਸਾਹਿਬ ਅਰਦਾਸ ਕਰ ਕੇ, ਪਰਦੱਖਣਾ ਲੈ ਕੇ ਰਾਮਸਰ ਜਾ ਪੁੱਜੇ। ਸਾਰੇ ਕੱਠੇ ਹੋਏ, ਤਾਂ ਪਤਾ ਲੱਗਾ, ਕਿ ਬੀਬੀ ਵੀਰੋ ਨਹੀਂ ਆਈ। ਉਹ ਘਰ ਹੀ ਚੁਬਾਰੇ ਵਿਚ ਬੈਠੀ ਰਹਿ ਗਈ ਸੀ। ਮਾਤਾ ਦਮੋਦਰੀ ਜੀ ਨੇ ਸੋਚਿਆ; ਕਿ ਬੀਬੀ ਵੀਰੋ ਮਰਵਾਹੀ ਜੀ ਨਾਲ ਜਾਂ ਨਾਨਕੀ ਜੀ ਨਾਲ ਚਲੀ ਗਈ ਹੋਵੇਗੀ, ਤੇ ਉਹਨਾਂ ਸੋਚਿਆ ਕਿ ਦਮੋਦਰੀ ਜੀ ਨਾਲ ਹੋਵੇਗੀ। ਏਸ ਤਰ੍ਹਾਂ ਭੁਲੇਖਾ ਲੱਗ ਗਿਆ। ਗੁਰੂ ਜੀ ਨੇ ਏਥੋਂ ਸਿੰਘੇ ਪ੍ਰੋਹਤ ਤੇ ਬਾਬਕ ਰਬਾਬੀ ਨੂੰ ਭੇਜਿਆ ਬੀਬੀ ਜੀ ਨੂੰ ਲਿਆਉਣ ਵਾਸਤੇ, ਨਾਲ ਨਸ਼ਾਨੀ ਵਜੋਂ ਹੱਥ ਦਾ ਸਿਮਰਨਾ ਦਿੱਤਾ। ਭਾਈ ਸਿੰਘੇ ਨੇ ਜਾ ਕੇ ਬੀਬੀ ਜੀ ਨੂੰ ਨਸ਼ਾਨੀ ਵਿਖਾਈ ਤੇ ਨਾਲ ਚੱਲਣ ਵਾਸਤੇ ਕਿਹਾ। ਬੀਬੀ ਵੀਰੋ ਗੁਰੂ ਜੀ

ਦਾ ਸਿਮਰਨਾ ਪਛਾਣ ਕੇ ਉਹਨਾਂ ਦੇ ਨਾਲ ਹੋ ਤੁਰੀ। ਸਿੰਘੇ ਨੇ ਬੀਬੀ ਨੂੰ ਆਪਣੇ ਮਗਰ ਘੋੜੇ ਤੇ ਬਹਾ ਲਿਆ ਤੇ ਰਾਮਸਰ ਨੂੰ ਹੋ ਤੁਰੇ। ਏਨੇ ਚਿਰ ਤਕ ਮੁਗ਼ਲ ਫ਼ੌਜ ਦਾ ਇਕ ਦਸਤਾ ਪਰਕਰਮਾ ਵਿਚ ਆ ਪੁੱਜਾ ਸੀ। ਸਿੰਘੇ ਤੇ ਬਾਬਕ ਨੂੰ ਜਾਂਦਿਆਂ ਵੇਖ ਕੇ ਇਕ ਮੁਗ਼ਲ ਸਿਪਾਹੀ ਨੇ ਪੁਛਿਆ, 'ਕੌਣ ਹੈ?' ਅੱਗੋਂ ਬਾਬਕ ਨੇ ਜਵਾਬ ਦਿੱਤਾ, 'ਆਪਣੇ ਹੀ ਹਾਂ।' ਇਹ ਅਗ੍ਹਾਂ ਲੰਘਣ ਲਗੇ, ਤਾਂ ਬੀਬੀ ਦੇ ਪੈਰ ਦੇ ਗਹਿਣੇ ਛਣਕੇ। ਮੁਗ਼ਲ ਨੂੰ ਸ਼ੱਕ ਪੈ ਗਿਆ। ਉਹਨੇ ਪ੍ਰੋਹਤ ਸਿੰਘੇ ਦੇ ਮਗਰ ਬੀਬੀ ਨੂੰ ਵੇਖਕੇ ਰੌਲਾ ਪਾ ਦਿੱਤਾ, ਕਿ ਗੁਰੂ ਜੀ ਦਾ ਪਰਵਾਰ ਜਾ ਰਿਹਾ ਹੈ। ਉਹ ਨੇਜ਼ਾ ਲੈ ਕੇ ਸਿੰਘੇ ਉੱਤੇ ਵਾਰ ਕਰਨ ਹੀ ਲੱਗਾ ਸੀ, ਜਾਂ ਬਾਬਕ ਨੇ ਗੋਲੀ ਮਾਰ ਕੇ ਉਸ ਮੁਗ਼ਲ ਨੂੰ ਮਾਰ ਦਿੱਤਾ।

ਏਸ ਪਾਸੇ ਬੰਦੂਕ ਦੀ ਵਾਜ ਸੁਣ ਕੇ ਗੁਰੂ ਜੀ ਨੇ ਭਾਈ ਬਿਧੀ ਚੰਦ ਨੂੰ ਹੁਕਮ ਦਿੱਤਾ, ਕਿ ਅੱਗੋਂ ਜਾ ਕੇ ਪਤਾ ਲਵੋ। ਪਰ ਏਨੇ ਨੂੰ ਸਿੰਘਾ ਤੇ ਬਾਬਕ, ਬੀਬੀ ਨੂੰ ਲੈ ਕੇ ਅਪੜ ਪਏ। ਸਾਰਾ ਪਰਵਾਰ ਕੱਠਾ ਹੋ ਗਿਆ। ਹਜ਼ੂਰ ਨੇ ਕੌਲਾਂ ਨੂੰ ਤਾਂ ਕਰਤਾਰਪੁਰ ਨੂੰ ਤੋਰ ਦਿੱਤਾ ਤੇ ਬਾਕੀ ਸਾਰੇ ਪਰਵਾਰ ਨੂੰ ਝਬਾਲ ਨੂੰ। ਦੋ ਸਿੱਖਾਂ ਨੂੰ ਜੰਞ ਵੱਲੇ ਅਗਲਵਾਂਢੀ ਤੋਰਿਆ, ਕਿ ਜੰਞ ਅੰਮ੍ਰਿਤਸਰ ਦੀ ਥਾਂ, ਸਿੱਧੀ ਝਬਾਲ ਆਵੇ, ਵਿਆਹ ਓਥੇ ਹੀ ਹੋਵੇਗਾ।

ਏਸ ਵੇਲੇ ਤਕ ਤੜਕਾ ਹੋ ਆਇਆ ਸੀ। ਕਿਲ੍ਹੇ ਦੇ ਸਾਰੇ ਸਿੱਖ ਸ਼ਹੀਦ ਹੋ ਗਏ, ਤਾਂ ਮੁਗ਼ਲ ਫ਼ੌਜ ਓਧਰੋਂ ਵਿਹਲੀ ਹੋ ਕੇ ਗੁਰੂ ਕੇ ਮਹਿਲਾਂ ਵੱਲ ਆਈ। ਅੱਗੋਂ ਮਹਿਲ ਖ਼ਾਲੀ ਪਏ ਸਨ। ਮੁਗ਼ਲ ਅੰਦਰ ਜਾ ਵੜ੍ਹੇ। ਮਨ ਭਾਉਂਦਾ ਸਾਮਾਨ ਲੁੱਟਿਆ ਤੇ ਮਿਠਿਆਈ ਖਾਧੀ।

ਪੰਝੀ ਜੇਠ ਦਾ ਸੂਰਜ ਚੜ੍ਹਿਆ। ਗੁਰੂ ਜੀ ਪਰਵਾਰ ਨੂੰ ਤੋਰ ਕੇ, ਜੰਗ ਵਾਸਤੇ ਤਿਆਰ ਹੋ ਖਲੇ। ਆਪ ਵਸੋਂ ਦੇ ਨੇੜੇ ਨਹੀਂ ਸਨ ਲੜਨਾ ਚਾਹੁੰਦੇ। ਸੋ. ਦੋ-ਕੁ ਕੋਹ ਦੂਰ ਹਟ ਕੇ ਮੋਰਚੇ ਬਣਾ ਲਏ। ਖ਼ਬਰ ਪਾ ਕੇ ਮੁਖ਼ਲਸ ਖ਼ਾਂ ਫ਼ੌਜ ਲੈ ਕੇ ਓਸੇ ਪਾਸੇ ਵਧਿਆ। ਦੁਸ਼ਮਣ ਫ਼ੌਜ ਨੂੰ ਅੱਗੇ ਵਧਦੀ ਵੇਖ ਕੇ ਸਿੱਖ ਫ਼ੌਜ ਦਾ ਸੈਨਾਪਤੀ ਭਾਈ ਭਾਨੂੰ ਆਪਣਾ ਜਥਾ ਲੈ ਕੇ ਮੈਦਾਨ ਵਿਚ ਆਇਆ। ਲੜਾਈ ਆਰੰਭ ਹੋ ਗਈ।

ਸਾਕਾ

ਭਾਈ ਭਾਨੂੰ ਸੂਰਮਾ ਹਥਿਆਰ ਸਜਾ ਕੇ
ਕਰ ਪਰਦਖਣਾ ਗੁਰਾਂ ਦੀ ਹੱਥ ਝੰਡਾ ਚਾ ਕੇ
ਵਧਿਆ ਦੁਸ਼ਮਣ ਦਲਾਂ ਵੱਲ 'ਅਕਾਲ' ਗਜਾ ਕੇ
ਵੈਰੀ ਸਾਹਵੇਂ ਵੇਖ ਕੇ ਸਿੱਖ ਨਾਅਰੇ ਲਾ ਕੇ
ਭੁੱਖੇ ਸ਼ੇਰਾਂ ਵਾਂਗਰਾਂ ਗਲ ਪੈ ਗਏ ਜਾ ਕੇ
ਪਿੜ ਵਿਚ ਵਿਹਲਾਂ ਕੀਤੀਆਂ ਤਲਵਾਰ ਚਲਾ ਕੇ

ਭਾਈ ਭਾਨੂੰ ਦੀ ਜਥੇਦਾਰੀ ਥੱਲੇ ਸਿੱਖਾਂ 'ਅਕਾਲ, ਅਕਾਲ' ਦੇ ਜੈਕਾਰੇ ਛੱਡ ਕੇ ਸ਼ੰਮਸ ਖ਼ਾਂ ਦੇ ਦਸਤੇ ਉੱਤੇ ਹੱਲਾ ਬੋਲ ਦਿੱਤਾ। ਸਿੱਖਾਂ ਦੀ ਮਾਰ ਨਾ ਸਹਾਰਦੀ ਹੋਈ ਸ਼ੰਮਸ ਖ਼ਾਂ ਦੀ ਫ਼ੌਜ ਭੱਜ ਉਠੀ। ਮੁਖ਼ਲਸ ਖ਼ਾਂ ਨੇ ਅੱਗੋਂ ਰੋਕ ਕੇ ਤਾਹਨੇ ਮਿਹਣੇ ਦੇ ਕੇ ਸ਼ੰਮਸ ਖ਼ਾਂ ਨੂੰ ਫੇਰ ਅੱਗੇ ਵਧਣ ਦਾ ਹੁਕਮ ਦਿੱਤਾ। ਨਾਲ ਹੀ ਉਹਦੀ ਮਦਦ ਵਾਸਤੇ ਅਨਵਰ ਖ਼ਾਂ ਨੂੰ ਤੋਰ ਦਿੱਤਾ। ਸ਼ੰਮਸ ਖ਼ਾਂ ਆਪ ਬੜਾ ਦਲੇਰ ਬੰਦਾ ਸੀ। ਉਹ ਫ਼ੌਜ ਨੂੰ ਸਖ਼ਤ ਤਾੜਨਾ ਕਰਦਾ ਹੋਇਆ ਅੱਗੇ ਵਧਿਆ।

ਮਿਰਜ਼ਾ

ਮੁਖ਼ਲਸ ਖ਼ਾਂ ਦੇ ਫ਼ੌਜ ਵਿਚ, ਸ਼ੰਮਸ ਖ਼ਾਂ ਸਰਦਾਰ
ਧਨੀ ਤੇਗ਼ ਦਾ ਸੂਰਮਾ, ਚੁਣਵਾਂ ਸ਼ਾਹ ਅਸਵਾਰ
ਲੈ ਕੇ ਆਪਣੀ ਫ਼ੌਜ ਨੂੰ, ਵਧਿਆ ਨਾਅਰੇ ਮਾਰ
ਪਿੱਛੇ ਲੱਗਾ ਓਸ ਦੇ, 'ਅਨਵਰ' ਮੱਦਦਗਾਰ
ਅੱਗ ਬਰਸਾਉਂਦੇ ਵਧੇ ਉਹ, ਰੂਪ ਕਾਲ ਦਾ ਧਾਰ
ਲੜਦੇ ਲੜਦੇ ਸੂਰਮੇ, ਪਹੁੰਚੇ ਰਣ ਵਿਚਕਾਰ
ਹੋਏ ਆਮ੍ਹੋ-ਸਾਮ੍ਹਣੇ, ਜਦ ਦੋਵੇਂ ਸਰਦਾਰ
ਕਹਿੰਦਾ 'ਭਾਨੂੰ' ਬਲੀ ਨੂੰ, ਸ਼ੰਮਸ ਖ਼ਾਂ ਲਲਕਾਰ
ਤਕੜਾ ਹੋ ਜਾ ਯੋਧਿਆ, ਲੈ ਕਰਤਾਰ ਚਿਤਾਰ
ਕਰਾਂ ਨਿਬੇੜਾ ਜੰਗ ਦਾ, ਮੈਂ ਹੁਣ ਤੈਨੂੰ ਮਾਰ
ਜੇ ਚਾਹੁੰਦਾ ਏਂ ਜ਼ਿੰਦਗੀ, ਹੱਥੋਂ ਸੁੱਟ ਹਥਿਆਰ
ਮਾਫ਼ੀ ਮੰਗ ਲੈ ਸ਼ਾਹ ਤੋਂ, ਬਖ਼ਸ਼ ਦੇਊ ਸਰਕਾਰ

ਸ਼ੰਮਸ ਖ਼ਾਂ ਗ਼ੁੱਸਾ ਖਾ ਕੇ ਭਾਈ ਭਾਨੂੰ ਵੱਲ ਵਧਿਆ। ਲੜਦੇ ਲੜਦੇ ਉਹ ਦੋਵੇਂ ਨੇੜੇ ਆ ਢੁੱਕੇ। ਸ਼ੰਮਸ ਖ਼ਾਂ ਨੇ ਭਾਈ ਭਾਨੂੰ ਨੂੰ ਹਥਿਆਰ ਸੁੱਟ ਕੇ ਜਾਨ ਬਚਾਉਣ ਵਾਸਤੇ ਕਿਹਾ, ਪਰ ਉਹ ਕੀ ਜਾਣੇ, ਕਿ ਸਿੱਖ ਹਥਿਆਰ ਸੁੱਟਣਾ ਨਹੀਂ, ਮਾਰ ਕੇ ਮਰਨਾ ਜਾਣਦੇ ਹਨ। ਭਾਈ ਭਾਨੂੰ ਨੇ ਜੋਸ਼ ਨਾਲ 'ਅਕਾਲ ਅਕਾਲ' ਕਹਿ ਕੇ ਗੋਲੀ ਚਲਾਈ। ਸ਼ੰਮਸ ਖ਼ਾਂ ਦਾ ਘੋੜਾ ਮਰ ਗਿਆ। ਉਹ ਪੈਦਲ ਹੀ ਤਲਵਾਰ ਧੂਹ ਕੇ ਭਾਈ ਸਾਹਿਬ ਵੱਲ ਵਧਿਆ ਤੇ ਲਲਕਾਰ ਕੇ ਕਿਹਾ; ਕਿ ਜੇ ਸੂਰਮਾ ਹੈਂ ਤਾਂ ਪੈਦਲ ਉਤਰ ਕੇ ਤਲਵਾਰ ਨਾਲ ਦੋ ਹੱਥ ਕਰ। ਭਾਈ ਭਾਨੂੰ ਘੋੜੇ ਤੋਂ ਉਤਰ ਕੇ ਤਲਵਾਰ ਧੂਹ ਕੇ ਸ਼ੰਮਸ ਖ਼ਾਂ ਦੇ ਸਿਰ 'ਤੇ ਆ ਕੜਕਿਆ।

ਸਾਕਾ

ਭਾਨੂੰ ਨੇ ਲਲਕਾਰਿਆ ਸ਼ੰਮਸ ਖ਼ਾਂ ਤਾਈਂ
ਕਹਿੰਦਾ : ਮੇਰੀ ਤੇਗ਼ ਤੋਂ ਨਾ ਬਚ ਕੇ ਜਾਈਂ
ਆ ਗਈ ਤੇਰੀ ਹੀਰਿਆ, ਅਜ ਮੌਤ ਅਵਾਈਂ.
ਜੇ ਹੈਂ ਜਣਿਆਂ ਮਰਦ ਦਾ ਨਾਂ ਕੰਡ ਵਿਖਾਈਂ
ਸੂਰਮਿਆਂ ਦੇ ਵਾਂਗਰਾਂ ਫੱਟ ਛਾਤੀ ਖਾਈਂ
ਤੇਰੇ ਵਾਰ ਮੈਂ ਰੋਕ ਲਏ ਹੁਣ ਮੇਰਾ ਬਚਾਈਂ
ਤੇਗ਼ ਉਲਾਰੀ ਸਿੱਖ ਨੇ ਕਹਿ : ਸੱਚਾ ਸਾਈਂ
ਅਧ ਵਿਚਕਾਰੋਂ ਕੱਟਿਆ ਕੇਲੇ ਦੇ ਨਿਆਈਂ

ਸ਼ੰਮਸ ਖ਼ਾਂ, ਭਾਈ ਭਾਨੂੰ ਦੀ ਤੇਗ਼ ਦੀ ਭੇਟਾ ਹੋ ਗਿਆ। ਕ੍ਰੋਧ ਨਾਲ ਅਨਵਰ ਖ਼ਾਂ ਨੇ ਆਪਣੀ ਫ਼ੌਜ ਨੂੰ ਲਲਕਾਰਿਆ ਤੇ ਚੁਫੇਰਿਓਂ ਭਾਈ ਭਾਨੂੰ ਉੱਤੇ ਧਾਵਾ ਬੋਲ ਦਿੱਤਾ। ਅੰਤ ਸੂਰਮਿਆਂ ਵਾਂਗ ਲੜ ਕੇ ਤੇ ਸੈਂਕੜਿਆਂ ਨੂੰ ਮਾਰ ਕੇ ਉਹ ਸ਼ਹੀਦ ਹੋ ਗਿਆ।

ਭਾਈ ਭਾਨੂੰ ਸ਼ਹੀਦ ਹੋਇਆ ਵੇਖ ਕੇ, ਸਿੱਖਾਂ ਨੂੰ ਅਥਾਹ ਜੋਸ਼ ਆ ਗਿਆ । ਉਹ ਹਥਿਆਰ ਸੰਭਾਲ ਕੇ ਭੁੱਖੇ ਸ਼ੇਰਾਂ ਵਾਂਗ ਵੈਰੀਆਂ ਉੱਤੇ ਟੁੱਟ ਪਏ। ਜੋ ਸਾਮ੍ਹਣੇ ਆਇਆ, ਜਮਲੋਕ ਪੁਚਾ ਦਿੱਤਾ। ਚਾਰ ਚੁਫੇਰੇ ਲੋਥਾਂ ਹੀ ਲੋਥਾਂ ਦਿਸਣ ਲੱਗੀਆਂ।

ਕੋਰੜਾ

ਜਦੋਂ ਭਾਨੂੰ ਸੂਰਮਾ ਸ਼ਹੀਦੀ ਪਾ ਗਿਆ
ਵੇਖ ਕੇ ਤੇ ਖ਼ਾਲਸੇ ਨੂੰ ਜੋਸ਼ ਆ ਗਿਆ
ਜੁਟ ਪਏ ਜੈਕਾਰੇ ਛੱਡ ਕੇ 'ਅਕਾਲ' ਜੀ
ਖੇਡਦੇ ਨੇ ਸੂਰੇ ਜੰਗ 'ਚ ਗੁਲਾਲ ਜੀ
ਸ਼ੇਰਾਂ ਵਾਂਗ ਟੁੱਟੇ ਵੈਰੀ 'ਤੇ ਜੁਆਨ ਜੀ
ਮਾਰ ਮਾਰ ਤੇਗ਼ਾਂ ਲੱਗੇ ਲਾਹੁਣ ਘਾਣ ਜੀ
ਰੱਤ ਨਾਲ ਪਿੜ ਹੋਇਆ ਲਾਲੋ ਲਾਲ ਜੀ
ਖੇਡਦੇ ਨੇ ਸੂਰੇ ਜੰਗ 'ਚ ਗੁਲਾਲ ਜੀ
'ਸਿੰਘੇ' ਨੇ ਮੁਹੰਮਦ ਅਲੀ ਨੂੰ ਮਾਰਿਆ
ਸਾਮ੍ਹਣੇ ਜੋ ਆਇਆ ਪਾਰ ਹੈ ਉਤਾਰਿਆ
ਕਿਹੜਾ ਝੱਲ ਸਕੇ ਖ਼ਾਲਸੇ ਦੀ ਝਾਲ ਜੀ
ਖੇਡਦੇ ਨੇ ਸੂਰੇ ਜੰਗ 'ਚ ਗੁਲਾਲ ਜੀ
ਮੋਇਆ ਸੁਲਤਾਨ ਬੇਗ ਬਿਧੀ ਚੰਦ ਤੋਂ
ਹਾਰ ਗਿਆ 'ਮਿਰਜ਼ਾ' ਵੀ ਬਲੀ 'ਨੰਦ' ਤੋਂ
ਜ਼ੈਨ ਖ਼ਾਂ ਦਾ ਹੋਇਆ 'ਤੋਤੇ' ਹੱਥੋਂ ਕਾਲ ਜੀ
ਖੇਡਦੇ ਨੇ ਸੂਰੇ ਜੰਗ 'ਚ ਗੁਲਾਲ ਜੀ
'ਬਲੀ ਬੇਗ' ਮਾਰਿਆ 'ਤਲੋਕੇ' ਬੀਰ ਨੇ
ਕੀਤੇ ਸੂਹੇ, ਸਾਵੇ ਗ਼ਾਜ਼ੀਆਂ ਦੇ ਚੀਰ ਨੇ
ਖ਼ੂਨ ਵਿਚ ਦਿੱਤੇ ਸੈਂਕੜੇ ਨੁਹਾਲ ਜੀ
ਖੇਡਦੇ ਨੇ ਸੂਰੇ ਜੰਗ 'ਚ ਗੁਲਾਲ ਜੀ
ਮਾਰਿਆ ਦੀਦਾਰ ਅਲੀ ਪੈਂਧੇ ਖ਼ਾਨ ਨੇ
ਹੋਰ ਕਈ ਘਾਏ ਗੁਰੂ ਦੇ ਜੁਆਨ ਨੇ
ਸੂਰਮੇ ਖਪਾਵੇ ਪਿਆ ਭਾਲ ਭਾਲ ਜੀ
ਖੇਡਦੇ ਨੇ ਸੂਰੇ ਜੰਗ 'ਚ ਗੁਲਾਲ ਜੀ

ਲੋਥ ਉੱਤੇ ਲੋਥ ਚੜ੍ਹੀ ਵਿਚ ਜੰਗ ਦੇ
ਥਾਨ ਜ਼ਿਉਂ ਵਲ੍ਹੇਟ ਰਖੇ ਲਾਲ ਰੰਗ ਦੇ
ਵਗ ਪਏ ਚੁਫੇਰੇ ਹੀ ਲਹੂ ਦੇ ਖਾਲ ਜੀ
ਖੇਡਦੇ ਨੇ ਸੂਰੇ ਜੰਗ 'ਚ ਗੁਲਾਲ ਜੀ
ਹੋਇਆ ਘੋਰ ਯੁੱਧ ਕੀ ਕਰਾਂ ਬਿਆਨ ਜੀ
ਕਾਇਮ ਰਹੇ ਕੋਈ ਮਰਦ-ਮੈਦਾਨ ਜੀ
ਬਹੁਤੇ ਨੱਸੇ ਜਾਂਦੇ ਮਾਰ ਖਾਧੇ ਕਾਲ ਜੀ
ਖੇਡਦੇ ਨੇ ਸੂਰੇ ਜੰਗ 'ਚ ਗੁਲਾਲ ਜੀ

ਏਸ ਘਮਸਾਣ ਵਿਚ ਦੋਹਾਂ ਧਿਰਾਂ ਦੇ ਕੇਈ ਸੂਰਮੇ ਮਾਰੇ ਗਏ। ਸੱਯਦ ਮੁਹੰਮਦ ਅਲੀ ਨੇ ਗੋਲੀ ਮਾਰ ਕੇ ਸਿੰਘੇ ਦਾ ਘੋੜਾ ਮਾਰ ਦਿੱਤਾ। ਫਿਰ ਭਾਈ ਸਿੰਘੇ ਨੇ ਤੀਰ ਚਲਾਇਆ, ਜੋ ਮੁਹੰਮਦ ਅਲੀ ਦੀ ਛਾਤੀ ਵਿਚ ਦੀ ਪਾਰ ਹੋ ਗਿਆ। ਦੂੱਜੇ ਪਾਸੇ ਬਿਧੀਚੰਦ ਦੇ ਤੀਰ ਨਾਲ ਸੁਲਤਾਨ ਬੇਗ ਮਾਰਿਆ ਗਿਆ। ਮਿਰਜ਼ਾ ਬੇਗ ਤੇ ਭਾਈ ਨੰਦਾ ਆਪਸ ਵਿਚ ਲੜ ਕੇ ਸਾਂਝੇ ਵਾਰ ਨਾਲ ਸ਼ਹੀਦ ਹੋ ਗਏ। ਭਾਈ ਤਲੋਕੇ ਹੱਥੋਂ ਬਲੀਬੇਗ ਮਾਰਿਆ ਗਿਆ । ਜ਼ੈਨ ਖ਼ਾਂ ਭਾਈ ਤੋਤੇ ਦੀ ਗੋਲੀ ਦਾ ਨਸ਼ਾਨਾ ਬਣ ਗਿਆ । ਅਨੰਤੇ ਦੇ ਟਾਕਰੇ 'ਤੇ ਖ਼ਾਨ ਬਹਾਦਰ ਆਇਆ, ਪਰ ਉਹ ਸਿੱਖ ਦੀ ਤਲਵਾਰ ਦੀ ਤਾਬ ਨਾ ਲਿਆ ਸਕਿਆ, ਤੇ ਅੰਤ ਮਾਰਿਆ ਗਿਆ। ਪੈਂਧੇ ਖ਼ਾਂ ਵੀ ਗੁਰੂ ਜੀ ਦੇ ਸੂਰਮਿਆਂ ਵਿਚੋਂ ਇਕ ਸੀ। ਉਹਨੇ ਮੁਗਲ ਫ਼ੌਜ ਦੇ ਦੀਦਾਰ ਅਲੀ ਨੂੰ ਕਤਲ ਕਰ ਦਿੱਤਾ। ਏਸ ਤਰ੍ਹਾਂ ਫ਼ੌਜ ਦੇ ਸਾਰੇ ਹੀ ਚੋਣਵੇਂ ਯੋਧੇ ਮਾਰੇ ਗਏ। ਦੋਹਾਂ ਪਾਸਿਆਂ ਦੇ ਸੈਂਕੜੇ ਬੀਰ ਸ਼ਹੀਦ ਹੋ ਗਏ।

ਮੁਖ਼ਲਸ ਖ਼ਾਂ ਨੇ ਆਪਣਾ ਪਾਸਾ ਹਾਰਦਾ ਵੇਖਿਆ, ਤਾਂ ਇਕ ਹੋਰ ਸ਼ਾਤਰਾਨਾ ਚਾਲ ਚੱਲੀ। ਉਹਨੇ ਆਪਣੇ ਵੱਲੋਂ ਗੁਰੂ ਜੀ ਕੋਲ ਦੂਤ ਭੇਜਿਆ, ਜਿਸ ਨੇ ਉਸਦੀ ਇੱਛਿਆ ਗੁਰੂ ਮਹਾਰਾਜ ਕੋਲ ਇਉਂ ਪਰਗਟ ਕੀਤੀ, "ਆਓ, ਅਜੇ ਵੀ ਲੜਾਈ ਬੰਦ ਕਰ ਦਿਓ। ਐਵੇਂ ਕਿਸੇ ਭੁਲੇਖੇ ਵਿਚ ਆਪਣਾ ਨਾਸ ਨਾ ਕਰਾਉ। ਇਹ ਲੜਾਈ ਇਕ ਜਰਨੈਲ ਜਾਂ ਕਿਸੇ ਰਜਵਾੜੇ ਨਾਲ ਨਹੀਂ, ਸਗੋਂ ਬਾਦਸ਼ਾਹ ਦਿੱਲੀ 'ਸ਼ਾਹ ਜਹਾਨ' ਨਾਲ ਹੈ। ਅੱਜ ਤੁਸੀਂ ਜਿੱਤ ਵੀ ਗਏ, ਤਾਂ ਕੱਲ੍ਹ ਨੂੰ ਹੋਰ ਫ਼ੌਜ ਆ ਕੇ ਤੁਹਾਡਾ ਖ਼ਾਤਮਾ ਕਰ ਦੇਵੇਗੀ। ਸੋ, ਚੰਗਾ ਰਸਤਾ ਏਹਾ ਹੈ, ਕਿ ਅਜੇ ਵੀ ਹਥਿਆਰ ਸੁੱਟ ਦਿਉ ਤੇ ਸੁਲ੍ਹਾ ਕਰ ਲਵੋ।

ਬਾਦਸ਼ਾਹ ਵੱਲੋਂ ਪਿਛਲੀਆਂ ਭੁੱਲਾਂ ਦੀ ਮਾਫ਼ੀ ਮੁਖ਼ਲਸ ਖ਼ਾਂ ਲੈ ਦੇਵੇਗਾ। ਸੋ ਸਣੇ ਬਾਜ਼ ਆਪਣੇ ਆਪ ਨੂੰ ਸਾਡੇ ਹਵਾਲੇ ਕਰ ਦਿਉ।"

ਗੁਰੂ ਜੀ ਨੇ ਅੱਗੋਂ ਉੱਤਰ ਦਿੱਤਾ: "ਅਸੀਂ ਕਿਸੇ ਦੇ ਘਰ ਲੜਨ ਵਾਸਤੇ ਨਹੀਂ ਗਏ। ਲੜਾਈ ਉਹਨਾਂ ਛੇੜੀ ਹੈ, ਜੋ ਮੱਲੋ ਮੱਲੀ ਏਸ ਸਾਡੇ ਦੇਸ ਉੱਤੇ ਕਬਜ਼ਾ ਕਰੀ ਬੈਠੇ ਹਨ। ਅਸਾਂ ਹਿੰਦੁਸਤਾਨ ਦੀ ਆਜ਼ਾਦੀ ਖ਼ਾਤਰ ਤਲਵਾਰ ਉਠਾਈ ਹੈ। ਸੋ, ਇਹ ਕਿਸੇ ਦੇ ਸਾਮ੍ਹਣੇ ਰੱਖੀ ਨਹੀਂ ਜਾ ਸਕਦੀ। ਜਾਓ ਮੁਖ਼ਲਸ ਖ਼ਾਂ ਨੂੰ ਕਹੋ, ਕਿ ਹਥਿਆਰ ਚੁੱਕ ਲਏ, ਤਾਂ ਫੇਰ ਲਿਹਾਜ਼ ਕੇਹਾ? ਆਪ ਮੈਦਾਨ ਵਿਚ ਆਵੇ ਤੇ ਲੜਾਈ ਦਾ ਫ਼ੈਸਲਾ ਕਰੇ।"

ਇਹ ਉੱਤਰ ਸੁਣ ਕੇ ਅੰਤ ਮੁਖ਼ਲਸ ਖ਼ਾਂ ਨੂੰ ਆਪ ਗੁਰੂ ਜੀ ਦੇ ਟਾਕਰੇ 'ਤੇ ਆਉਣਾ ਪਿਆ। ਸਾਮ੍ਹਣੇ ਆ ਕੇ ਉਹ ਇਉਂ ਕਹਿਣ ਲੱਗਾ :

ਵਾਰ

ਲੱਗੀ ਅੱਗ ਡਾਢੀ ਮੁਖ਼ਲਸ ਖ਼ਾਨ ਨੂੰ
ਕਹਿੰਦਾ ਗੁਰੂ ਜੀ ਦੇ ਤਾਈਂ ਲਲਕਾਰ
ਕਿੱਥੇ ਜਾਉਗੇ ਬਚਾ ਕੇ ਹੁਣ ਜਾਨ ਨੂੰ
ਮੇਰੇ ਸੂਰਮੇ ਹਜ਼ਾਰਾਂ ਤੁਸੀਂ ਮਾਰ
ਐਵੇਂ ਪੁੱਤ ਮਰਵਾਉ ਕਾਹਨੂੰ ਓਪਰੇ
ਆਓ ਸਾਮ੍ਹਣੇ ਤੇ ਸਾਂਭੋ ਹਥਿਆਰ
ਅੱਗੋਂ ਗੁਰੂ ਜੀ ਵੀ ਧਨਖ ਸੰਭਾਲ ਕੇ
ਗੱਜੇ ਬੋਲੇ 'ਕਰਤਾਰ, ਕਰਤਾਰ'
ਹੋ ਗਏ ਦੋਵੇਂ ਰਣਬੀਰ ਆਮ੍ਹੋ-ਸਾਮ੍ਹਣੇ
ਇਕ ਦੂਜੇ 'ਤੇ ਕਰਨ ਲੱਗੇ ਵਾਰ
ਕੇਈ ਵਾਰ ਕੀਤੇ ਮੁਖ਼ਲਸ ਖ਼ਾਨ ਨੇ
ਰਹੇ ਰੋਕਦੇ ਛੇਵੇਂ ਅਵਤਾਰ
ਤੱਕ ਤੀਰ ਇਕ ਗੁਰੂ ਜੀ ਨੇ ਛੱਡਿਆ
ਗਿਆ ਲੰਘ ਘੋੜੇ ਵਿਚਦੀ ਪਾਰ

ਫੇਰ ਆਖ਼ਰੀ ਹੁਨਰ ਅਜ਼ਮਾਉਣ ਨੂੰ
ਹੋ ਗਏ ਪੈਦਲ, ਦੋਵੇਂ ਅਸਵਾਰ

ਮੁਖ਼ਲਸ ਖ਼ਾਨ ਤੀਰ ਚਲਾਉਂਦਾ ਰਿਹਾ। ਗੁਰੂ ਜੀ ਰੋਕਦੇ ਰਹੇ। ਅੰਤ ਗੁਰੂ ਜੀ ਨੇ ਤੀਰ ਚਲਾਇਆ, ਜੋ ਮੁਖ਼ਲਸ ਖ਼ਾਂ ਦੇ ਘੋੜੇ ਦੀ ਛਾਤੀ ਵਿਚ ਲੱਗਾ। ਘੋੜਾ ਮਰ ਗਿਆ। ਮੁਖ਼ਲਸ ਖ਼ਾਂ ਪੈਦਲ ਹੋ ਗਿਆ। ਉਹਨੇ ਗੁਰੂ ਜੀ ਨੂੰ ਤਲਵਾਰ ਨਾਲ ਲੜਨ ਵਾਸਤੇ ਵੰਗਾਰਿਆ। ਹਜ਼ੂਰ ਉਸ ਦੀ ਰੀਝ ਪੂਰੀ ਕਰਨ ਵਾਸਤੇ ਘੋੜਿਓਂ ਉਤਰ ਕੇ ਤਲਵਾਰ ਲੈ ਕੇ ਅੱਗੇ ਵਧੇ। ਹਜ਼ੂਰ ਨੇ ਕਿਹਾ: "ਮੁਖ਼ਲਸ ਖ਼ਾਂ! ਤੂੰ ਹੁਣ ਸਾਰੇ ਚਾਅ ਪੂਰੇ ਕਰ ਲੈ। ਅਸੀਂ ਤੈਨੂੰ ਸਮਾਂ ਦੇਂਦੇ ਹਾਂ, ਕਿ ਪਹਿਲਾਂ ਵਾਰ ਕਰ ਲੈ। ਮੁੜ ਕੇ ਕੋਈ ਸੱਧਰ ਨਾ ਅਧੂਰੀ ਰਹਿ ਜਾਏ।"

ਇਹ ਸੁਣ ਕੇ ਮੁਖ਼ਲਸ ਖ਼ਾਂ ਨੂੰ ਬੜਾ ਕ੍ਰੋਧ ਆਇਆ। ਉਹ ਤਲਵਾਰ ਧੂਹ ਕੇ ਅੰਨ੍ਹੇਵਾਹ ਵਾਰ ਕਰਨ ਲੱਗਾ।

ਸਾਕਾ

ਤੇਗ ਕੰਧਾਰੀ ਸੂਤ ਕੇ ਫਿਰ ਮੁਖ਼ਲਸ ਆਇਆ
'ਐਲੀ, ਐਲੀ' ਬੋਲ ਕੇ ਉਸ ਵਾਰ ਚਲਾਇਆ
ਅੱਗ ਕਰ ਕੇ ਢਾਲ ਝੱਟ ਸਤਿਗੁਰਾਂ ਬਚਾਇਆ
ਖ਼ਾਲੀ ਕੋਈ ਵਾਰ ਗਏ ਤਦ ਖ਼ਾਂ ਘਬਰਾਇਆ
ਪਿੜ 'ਚੋਂ ਨੱਸਣ ਵਾਸਤੇ ਉਸ ਮੁੱਖ ਭੁਆਇਆ
'ਵਾਰੀ ਦਿੱਤੇ ਬਿਨਾਂ ਹੀ ?' ਸਤਿਗੁਰ ਫ਼ੁਰਮਾਇਆ
ਖੰਡਾ ਧੂਹ ਹਜ਼ੂਰ ਨੇ ਇਉਂ ਵਾਰ ਚਲਾਇਆ
ਮੋਢਿਓਂ ਧਰ ਕੇ ਚੀਰਿਆ ਜਿਉਂ ਜੰਞੂ ਪਾਇਆ
ਮੁਖ਼ਲਸ ਖ਼ਾਂ ਨੂੰ ਮਾਰ ਕੇ ਉਹ ਜੰਗ ਮੁਕਾਇਆ
'ਇਹ ਪਹਿਲੀ ਜਿੱਤ ਪੰਥ ਦੀ' ਗੁਰ ਸ਼ੁਕਰ ਮਨਾਇਆ

ਮੁਖ਼ਲਸ ਖ਼ਾਂ ਦੇ ਮਰਨ ਨਾਲ ਲੜਾਈ ਮੁਕ ਗਈ। ਅਮਲੀ ਤੌਰ ਉੱਤੇ ਬਾਦਸ਼ਾਹੀ ਫ਼ੌਜ ਸਾਰੀ ਹੀ (ਸੱਤ ਹਜ਼ਾਰ) ਮਾਰੀ ਗਈ। ਕੋਈ ਟਾਵਾਂ-ਟਾਵਾਂ ਸਿਪਾਹੀ ਬਚਿਆ ਵੀ, ਤਾਂ ਉਹ ਜਾਨ ਲੁਕਾ ਕੇ ਨੱਸ ਗਿਆ। ਮਗਰ ਸ਼ਾਹੀ

ਅਫ਼ਸਰਾਂ ਵਿਚੋਂ ਕੋਈ ਵੀ ਬਚ ਕੇ ਨਾ ਜਾ ਸਕਿਆ। ਸਿੱਖਾਂ ਵਿਚੋਂ ਵੀ ਕਈ ਨਾਮਵਰ ਸਰਦਾਰ (ਨੰਦਾ, ਜੈਤਾ, ਪਿਰਾਣਾ, ਤੋਤਾ, ਤਲੋਕਾ, ਪੈੜਾ, ਭਗਤੂ, ਅਨੰਤਾ, ਨਿਹਾਲਾ, ਤਖ਼ਤੂ, ਮੋਹਨ, ਗੁਪਾਲ, ਸਿੰਘਾ, ਭਾਨੂੰ, ਆਦਿ) ਸ਼ਹੀਦ ਹੋ ਗਏ। ਲੋਹਗੜ੍ਹ ਦੇ ਸ਼ਹੀਦਾਂ ਨੂੰ ਵੇਖਣ ਵਾਸਤੇ ਗੁਰੂ ਜੀ ਆਪ ਗਏ। ਅੱਗੇ ਭਾਈ ਮੋਹਨ ਤੇ ਗੁਪਾਲਾ ਸਹਿਕਦੇ ਪਏ ਸਨ। ਹਜ਼ੂਰ ਨੇ ਦੋਹਾਂ ਦੇ ਸਿਰ ਗੋਦ ਵਿਚ ਲੈ ਲਏ, ਮੂੰਹ ਸਾਫ਼ ਕੀਤੇ ਤੇ ਛਾਤੀ ਨਾਲ ਲਾ ਕੇ ਪਿਆਰ ਕੀਤਾ। ਮੋਹਨ ਜੀ ਨੂੰ ਜ਼ਰਾ ਹੋਸ਼ ਆਈ, ਤਾਂ ਹਜ਼ੂਰ ਨੇ ਕਿਹਾ, "ਪਿਆਰੇ ਮੋਹਨ ਜੀ! ਮਨ ਭਾਉਂਦਾ ਵਰ ਮੰਗੋ।"

ਮੋਹਨ :- "ਦਾਤਾਰ! ਜਿਹੜਾ ਵਰ ਮੰਗਣ ਦੀ ਇੱਛਿਆ ਸੀ, ਉਹ ਪਰਾਪਤ ਹੋ ਚੁੱਕਾ ਹੈ। ਹੁਣ ਹੋਰ ਕੀ ਮੰਗਾਂ? ਏਹਾ ਚਾਹ ਸੀ, ਕਿ ਅੰਤ ਸਮੇਂ ਆਪ ਜੀ ਦੇ ਦਰਸ਼ਨ ਹੋ ਜਾਣ। ਅਸੀਂ ਅੰਤ ਸਮੇਂ ਆਪ ਜੀ ਦੀ ਗੋਦੀ ਦਾ ਅਨੰਦ ਮਾਣ ਰਹੇ ਹਾਂ। ਸੋ, ਹੋਰ ਇੱਛਿਆ ਨਹੀਂ। ਜੀਵਨ ਦੀ ਚਾਹ ਪੂਰੀ ਹੋ ਚੁਕੀ ਹੈ।"

ਗੁਰੂ ਜੀ :-"ਤਾਂ ਮੁਕਤੀ ਬਖ਼ਸ਼ ਦੇਈਏ?"

ਮੋਹਨ:-"ਨਹੀਂ ਮਹਾਰਾਜ! ਮੁਕਤੀ ਦੀ ਵੀ ਲੋੜ ਨਹੀਂ। ਤੁੱਠੇ ਹੋ, ਤਾਂ ਇਹ ਵਰ ਦਿਓ, ਕਿ ਜਦ-ਜਦ ਆਪ ਜੀ ਦਾ ਅਵਤਾਰ ਹੋਵੇ, ਤਦ-ਤਦ ਅਸੀਂ ਵੀ ਆਪ ਜੀ ਦੀ ਹਜ਼ੂਰੀ ਵਿਚ ਹੋਈਏ*। ਅਸੀਂ ਕਈ ਵਾਰ ਜਨਮੀਏਂ ਤੇ ਹਰ ਵਾਰ ਆਪ ਜੀ ਦੇ ਸਾਮ੍ਹਣੇ ਸੂਰਮਿਆਂ ਵਾਂਗ ਮੈਦਾਨ ਵਿਚ ਲੜ ਕੇ ਸ਼ਹੀਦ ਹੋਈਏ।"

---

* ਜਹਿ ਜਹਿ ਹੋਇ ਅਵਤਾਰ ਤੁਮਾਰਾ।
ਤਹਿ ਤਹਿ ਰਾਖਹੁ ਸੰਗ ਉਦਾਰਾ।

(ਸੂਰਜ ਪ੍ਰਕਾਸ਼, ਰਾਸ ੬, ਅੰਸੂ ੧੭)

ਜਹਾਂ ਅਵਤਾਰ ਪ੍ਰਭੂ ਤੁਮ ਧਰੋ।
ਨਿਜ ਸੇਵਕ ਹਮ ਕੋ ਤੁਮ ਕਰੋ।
ਚਰਨਨ ਰਹੇ ਤਿਹਾਰੇ ਚਿੱਤਾ।
ਮਨ ਮਹਿ ਹੋਇ ਸੁ ਭਗਤ ਅਮਿੱਤਾ।

(ਗੁਰ ਬਿਲਾਸ, ਪਾਤਸ਼ਾਹੀ ੬, ਪੰਨਾ ੪੧੮)

ਇਹ ਵਾਕ ਸੁਣ ਕੇ ਹਜ਼ੂਰ ਅਤਿ ਪਰਸੰਨ ਹੋਏ। ਦੋਹਾਂ ਯੋਧਿਆਂ ਨੂੰ ਘੁੱਟ ਕੇ ਛਾਤੀ ਨਾ ਲਾ ਲਿਆ। ਏਸ ਪਿਤਰੀ-ਪ੍ਰੇਮ ਦਾ ਰਸ ਮਾਣਦੇ ਹੋਏ ਦੋਵੇਂ ਬੀਰ ਜੋਤ ਵਿਚ ਜੋਤ ਸਮਾ ਗਏ।

ਹਜ਼ੂਰ ਦੇ ਹੁਕਮ ਨਾਲ ਬਿਧੀ ਚੰਦ ਨੇ ਸਭ ਸਿੱਖਾਂ ਦੀਆਂ ਅਰਥੀਆਂ ਕੱਠੀਆਂ ਕੀਤੀਆਂ। ਗੁਰੂ ਕੇ ਮਹਿਲਾਂ ਕੋਲ ਵੱਡੀ ਸਾਰੀ ਚਿਖਾ ਤਿਆਰ ਕੀਤੀ ਗਈ। ਸਾਰੇ ਸ਼ਹੀਦਾਂ ਦੀਆਂ ਅਰਥੀਆਂ ਉਪਰ ਰਖ ਕੇ ਗੁਰੂ ਮਹਾਰਾਜ ਨੇ ਹੱਥੀਂ ਲੰਬੂ ਲਾਇਆ ਤੇ ਅੰਤਮ ਸੰਸਕਾਰ ਕੀਤਾ।

ਇਹ ਯੁੱਧ ੨੫ ਜੇਠ ਵਾਲੇ ਦਿਨ ਹੋਇਆ। ਜਿੱਥੋਂ ਬਾਹਰ ਘੋਰ ਯੁੱਧ ਹੋਇਆ ਸੀ, ਉਸ ਦਾ ਨਾਮ 'ਸੰਗਰਾਣਾ ਸਾਹਿਬ' ਰਖਿਆ। ਏਸੇ ਦਿਨ ਬੀਬੀ ਵੀਰੋ ਦੀ ਜੰਞ ਢੁਕਣੀ ਸੀ। ਸੋ, ਮਹਾਰਾਜ ਰਾਤ ਨੂੰ ਝੁਬਾਲ ਚਲੇ ਗਏ।

ਜੰਞ ਮਾਲਵੇ ਦੇ ਪਿੰਡ 'ਡੱਲੇ' ਤੋਂ ਆਉਣੀ ਸੀ। ਉਸ ਵੱਲ ਪਹਿਲਾਂ ਹੀ ਆਦਮੀ ਭੇਜ ਦਿੱਤਾ ਗਿਆ ਸੀ। ਸੋ, ਜੰਞ ਸਿੱਧੀ ਝੁਬਾਲ ਜਾ ਪੁੱਜੀ। ਸਿੱਖਾਂ ਨੇ ਜੰਞ ਦੀ ਬੜੀ ਆਉ ਭਗਤ ਕੀਤੀ। ਗੁਰੂ ਮਹਾਰਾਜ ਗਏ, ਤਾਂ ਉਹਨਾਂ ਦਾ ਕੁੜਮ (ਬੀਬੀ ਵੀਰੋ ਦਾ ਸਹੁਰਾ) ਭਾਈ ਧਰਮਾ—ਸਮਾਜਕ ਮਰਯਾਦਾ ਦੇ ਉਲਟ—ਹਜ਼ੂਰ ਦੇ ਚਰਨਾਂ 'ਤੇ ਢਹਿ ਪਿਆ। ਇਹ ਉਹਦੀ ਸ਼ਰਧਾ ਸੀ। ਬੀਬੀ ਵੀਰੋ ਦੇ ਪਤੀ—ਭਾਈ ਸਾਧੂ—ਨੇ ਵੀ ਹਜ਼ੂਰ ਦੇ ਚਰਨ ਪਰਸੇ। ਮਹਾਰਾਜ ਨੇ ਦੋਹਾਂ ਦਾ ਬੜਾ ਸਤਕਾਰ ਕੀਤਾ। ਅਗਲੇ ਦਿਨ (੨੬ ਜੇਠ) ਅੰਮ੍ਰਿਤ ਵੇਲੇ ਬੀਬੀ ਵੀਰੋ (ਗੁਰੂ ਹਰਿਗੋਬਿੰਦ ਸਾਹਿਬ ਤੇ ਮਾਤਾ ਦਮੋਦਰੀ ਜੀ ਦੀ ਸਪੁੱਤਰੀ) ਦੇ ਅਨੰਦ ਕਾਰਜ ਦੀ ਤਿਆਰੀ ਹੋਈ।

ਸਾਕਾ

ਆਇਆ ਵਕਤ ਅਨੰਦ ਦਾ ਸ਼ੁਭ ਸਮਾਂ ਸੁਹਾਇਆ
ਕਰ ਪਰਕਾਸ਼ 'ਗਰੰਥ' ਦਾ ਸਭ ਸੀਸ ਨਿਵਾਇਆ
ਧਨ ਲੜ ਲਾਗੀ ਪਤੀ ਦੇ ਪਰਮੇਸ਼ਰ ਪਾਇਆ
ਲਾਂਵਾਂ ਪੜ੍ਹ 'ਅਨੰਦ' ਦਾ ਫਿਰ ਪਾਠ ਸੁਣਾਇਆ

ਗੁਰ ਰੀਤੀ ਅਨੁਸਾਰ ਸਭ ਵਿਹਾਰ ਕਰਾਇਆ
ਉੱਤਮ ਧਰਮ ਗ੍ਰਿਸਤ ਹੈ 'ਭਾਈ'* ਫ਼ੁਰਮਾਇਆ

ਗੁਰ ਰੀਤੀ ਅਨੁਸਾਰ ਬੀਬੀ ਵੀਰੋ ਜੀ ਦਾ ਅਨੰਦ ਕਾਰਜ ਭਾਈ ਧਰਮੇ ਦੇ ਪੁੱਤਰ ਭਾਈ ਸਾਧੂ ਨਾਲ ਕੀਤਾ ਗਿਆ। ਏਸ ਵੇਲੇ ਇਕ ਹੋਰ ਘਟਨਾ ਹੋਈ। ਝੁਬਾਲ ਵਿਚ ਲਾਗੇ ਹੀ ਇਕ ਮੁਸਲਮਾਨ ਚੌਧਰੀ ਦਾ ਘਰ ਸੀ। ਉਹਨੇ ਸਾਰੀ ਕਹਾਣੀ ਗੁਰੂ ਜੀ ਦੇ ਜੰਗ ਦੀ ਸੁਣੀ, ਤਾਂ ਉਹਲੇ ਖਲੋ ਕੇ ਗੁਰੂ ਜੀ ਨੂੰ ਗੋਲੀ ਮਾਰਨ ਲੱਗਾ। ਮਗਰ ਵਾਹਿਗੁਰੂ ਦੀ ਲੀਲ੍ਹਾ ਅਪਾਰ ਹੈ। ਉਸ ਮਲੇਛ ਦੀ ਬੰਦੂਕ ਦੀ ਨਾਲੀ ਫਟ ਗਈ, ਜਿਸ ਨਾਲ ਉਹ ਆਪ ਹੀ ਮਰ ਗਿਆ।

ਸਮੇਂ ਨੂੰ ਵਿਚਾਰ ਕੇ ਗੁਰੂ ਜੀ ਨੇ ਅਨੰਦ ਕਾਰਜ ਤੋਂ ਪਿਛੋਂ ਓਸੇ ਦਿਨ (੨੬ ਜੇਠ ਨੂੰ) ਹੀ ਪਰਸ਼ਾਦ ਛਕੱ ਕੇ ਜੰਵ ਨੂੰ ਵਿਦਿਆ ਕਰ ਦਿੱਤਾ। ਗੁਰੂ ਮਹਾਰਾਜ ਵੀ ਝਬਾਲ ਤੋਂ ਤਰਨ ਤਾਰਨ ਤੇ ਓਥੋਂ ਖਡੂਰ ਸਾਹਿਬ ਰਾਹੀਂ ਹੁੰਦੇ ਹੋਏ ਗੋਇੰਦਵਾਲ ਆ ਗਏ।

ਸਿੱਖੀ ਦੇ ਇਤਿਹਾਸ ਵਿਚ ਇਹ ਪਹਿਲੀ ਲੜਾਈ ਸੀ।+

ਪ੍ਰਸੰਗ ਲਿਖਿਆ ੨੯-੩-੫੦ ਈ.

---

* ਸਕਲ ਧਰਮ ਮੇਂ ਗ੍ਰਿਸਥ ਪਰਧਾਨ ਹੈ।

ਭਾਈ ਗੁਰਦਾਸ ਜੀ

\+ ਸੂਰਜ ਪ੍ਰਕਾਸ਼, ਰਾਸ ਛੇਵੀਂ, ਅੰਸੂ ੧ ਤੋਂ ੧੮। ਗੁਰ ਬਿਲਾਸ, ਪਾਤਸ਼ਾਹੀ ਛੇਵੀਂ, ਪੰਨੇ ੩੯੯ ਤੋਂ ੪੨੮, ਧਿਆਇ ੧੦ ਤੇ ੧੧ । ਪੰਥ ਪ੍ਰਕਾਸ਼, ਗਿ. ਗਿਆਨ ਸਿੰਘ, ਪੰਨੇ ੧੨੫ ਤੋਂ ੧੨੭। ਤਵਾਰੀਖ਼ ਗੁਰੂ ਖ਼ਾਲਸਾ, ਗਿ: ਗਿਆਨ ਸਿੰਘ, ਪੰਨੇ ੨੩੧ ਤੋਂ ੨੩੪ । ਮੈਕਾਲਫ਼ (ਪੰਜਾਬੀ ਤਰਜਮਾ, ਹਿੱਸਾ ਤਿੱਜਾ) ਪੰਨੇ ੮੫ ਤੋਂ ੧੦੪।

੧ੴ ਸਤਿਗੁਰ ਪ੍ਰਸਾਦਿ॥

ਪ੍ਰਸੰਗ

ਭਾਈ ਬਿਧੀ ਚੰਦ

ਘੋੜੇ ਲਿਆਂਦੇ

ਗੁਰੂ ਹਰਿਗੋਬਿੰਦ ਸਾਹਿਬ ਸ਼ਸਤਰਾਂ ਤੇ ਘੋੜਿਆਂ ਨੂੰ ਬਹੁਤ ਪਸੰਦ ਕਰਦੇ ਸਨ। ਸੰਗਤਾਂ ਨੂੰ ਹੁਕਮ ਵੀ ਸੀ, ਕਿ ਜੰਗ ਵਿਚ ਕੰਮ ਆਉਣ ਵਾਲੀਆਂ ਚੀਜ਼ਾਂ ਲਿਆਇਆ ਕਰਨ। ਸਿਖਾਂ ਦੀ ਖ਼ੁਸ਼ੀ ਗੁਰੂ ਮਹਾਰਾਜ ਦੀ ਪਰਸੰਨਤਾ ਨਾਲ ਹੀ ਹੁੰਦੀ ਸੀ। ਸੋ, ਸੰਗਤਾਂ ਅਜੇਹੀਆਂ ਚੁਣਵੀਆਂ ਭੇਟਾ ਲੈ ਕੇ ਹਾਜ਼ਰ ਹੁੰਦੀਆਂ।

ਕਾਬਲ ਦੀ ਸੰਗਤ ਵਿਚੋਂ ਕਾਰ-ਭੇਟ ਕੱਠੀ ਕਰਨ ਵਾਸਤੇ ਭਾਈ ਬਖ਼ਤ ਮੱਲ ਤੇ ਭਾਈ ਤਾਰਾਚੰਦ ਮਸੰਦ ਲੱਗੇ ਹੋਏ ਸਨ। ਇਕੇਰਾਂ ਮਾਇਆ ਚੋਖੀ ਕੱਠੀ ਹੋ ਗਈ, ਤਾਂ ਸੰਗਤ ਨੇ ਮਤਾ ਕੀਤਾ, ਕਿ ਹਜ਼ੂਰ ਵਾਸਤੇ ਕੋਈ ਅਨੋਖੀ ਭੇਟਾ ਲੈਕੇ ਜਾਈਏ। ਉਹਨਾਂ ਬੇਅੰਤ ਧਨ ਖ਼ਰਚ ਕੇ ਦੋ ਦਰਿਆਈ ਘੋੜੇ—ਦਿਲਬਾਗ਼ ਤੇ ਗੁਲਬਾਗ਼— ਖ਼ਰੀਦੇ। ਘੋੜੇ ਆਪਣੀ ਮਿਸਾਲ ਆਪ ਹੀ ਸਨ। ਇਹ ਵਸਤੂ ਪਰਾਪਤ ਹੋ ਜਾਣ 'ਤੇ ਸੰਗਤ ਬਹੁਤ ਪਰਸੰਨ ਹੋਈ। ਕਿਉਂਕਿ ਸਭ ਨੂੰ ਪਤਾ ਸੀ, ਕਿ ਇਹ ਅਨੋਖੀ ਤੇ ਵਡਮੁੱਲੀ ਭੇਟਾ ਹਜ਼ੂਰ ਦੇ ਦਰ 'ਤੇ ਪਰਵਾਨ ਹੋਵੇਗੀ ਤੇ ਹਜ਼ੂਰ ਅਤਯੰਤ ਖ਼ੁਸ਼ ਹੋਣਗੇ। ਇਹ ਭੇਟਾ ਹਜ਼ੂਰ ਦੇ ਦਰ ਚਾੜ੍ਹਣ ਵਾਸਤੇ ਭਾਈ ਤਾਰਾ ਚੰਦ ਤੇ ਬਖ਼ਤ ਮੱਲ ਦੇ ਨਾਲ ਕੁਛ ਸੰਗਤ ਵੀ ਕਾਬਲ ਤੋਂ ਗੁਰ ਦਰਸ਼ਨ ਵਾਸਤੇ ਰਵਾਨਾ ਹੋਈ।

ਸੰਗਤ ਲਾਹੌਰ ਪਹੁੰਚੀ, ਤਾਂ ਉਹ ਅਨੋਖੇ ਘੋੜੇ ਬਾਦਸ਼ਾਹ ਸ਼ਾਹਜਹਾਨ ਦੇ ਕਰਮਚਾਰੀਆਂ ਦੀ ਨਿਗ੍ਹਾ ਪਏ। ਉਹ ਘੋੜਿਆਂ ਦੀ ਅਸਚਰਜ ਸੁੰਦਰਤਾ ਵੇਖ

ਕੇ ਮੋਹੇ ਗਏ। ਜਦ ਉਹਨਾਂ ਨੂੰ ਇਹ ਪਤਾ ਲੱਗਾ, ਕਿ ਇਹ ਘੋੜੇ ਗੁਰੂ ਹਰਿਗੋਬਿੰਦ ਸਾਹਿਬ ਦੀ ਭੇਟਾ ਵਾਸਤੇ ਜਾ ਰਹੇ ਹਨ, ਤਾਂ ਉਹ ਅਸਲੋਂ ਈਰਖਾ ਵਿਚ ਸੜ ਉਠੇ। ਉਹ ਸੋਚਣ ਲੱਗੇ, ਕਿ ਅਜੇਹੇ ਸੁੰਦਰ ਘੋੜੇ ਤਾਂ ਬਾਦਸ਼ਾਹ ਦੇ ਤਬੇਲੇ ਵਿਚ ਵੀ ਨਹੀਂ ਹਨ, ਤਾਂ ਬਾਦਸ਼ਾਹ ਦੇ ਵੈਰੀ ਇਕ ਫ਼ਕੀਰ ਕੋਲ ਕਿਉਂ ਹੋਣ। ਉਹਨਾਂ ਚਾਹਿਆ, ਕਿ ਮੁੱਲ ਚੁਕਾ ਕੇ ਘੋੜੇ ਲੈ ਲਈਏ, ਫਿਰ ਵਿਹਰ ਜਾਵਾਂਗੇ। ਉਹਨਾਂ ਸਿੱਖਾਂ ਨੂੰ ਘੋੜੇ ਵੇਚਣ ਵਾਸਤੇ ਕਿਹਾ, ਤੇ ਮੁੱਲ ਪੁੱਛਿਆ। ਸਿੱਖਾਂ ਉੱਤਰ ਦਿੱਤਾ, ਇਹ ਘੋੜੇ ਵਿਕਾਊ ਨਹੀਂ ਹਨ, ਸਗੋਂ 'ਸੱਚੇ ਪਾਤਸ਼ਾਹ' ਦੀ ਭੇਟਾ ਵਾਸਤੇ ਜਾ ਰਹੇ ਹਨ। ਮੁਗਲ ਅਫ਼ਸਰ ਕ੍ਰੋਧ ਨਾਲ ਭੜਕ ਉਠੇ। ਉਹ ਕਹਿਣ ਲੱਗੇ, "ਵੇਖੋ ਇਹਨਾਂ ਸਿੱਖਾਂ ਦੀ ਆਕੜ, ਉਹ ਫ਼ਕੀਰ 'ਸੱਚਾ ਪਾਤਸ਼ਾਹ' ਤੇ ਸ਼ਾਹ ਜਹਾਨ ਝੂਠਾ ਬਾਦਸ਼ਾਹ। ਇਹਨਾਂ ਸ਼ਹਿਨਸ਼ਾਹ ਦੀ ਤੌਹੀਨ (ਨਿਰਾਦਰੀ) ਕੀਤੀ ਹੈ, ਸੋ ਸਜ਼ਾ ਵਜੋਂ ਬਿਨਾਂ ਮੁੱਲ ਦਿਤੇ ਘੋੜੇ ਖੋਹ ਲਵੋ।"

ਮੁਕਦੀ ਗੱਲ, ਉਹਨਾਂ ਘੋੜੇ ਖੋਹ ਕੇ ਬਾਦਸ਼ਾਹ ਦੀ ਭੇਟਾ ਜਾ ਕੀਤੇ। ਵੇਖ ਕੇ ਬਾਦਸ਼ਾਹ ਬੜਾ ਖ਼ੁਸ਼ ਹੋਇਆ। ਉਹਨੇ ਆਪਣੇ ਨੌਕਰਾਂ ਦੇ ਏਸ ਬੁਰੇ ਕੰਮ ਨੂੰ ਠੀਕ ਕਿਹਾ ਤੇ ਸਿੱਖਾਂ ਨੂੰ ਸ਼ਹਿਰੋਂ ਕਢਵਾ ਦਿੱਤਾ। ਸੰਗਤ ਇਹ ਕਹਿੰਦੀ ਹੋਈ ਅੱਗੇ ਤੁਰ ਪਈ, ਕਿ ਗੁਰੂ ਆਪੇ ਹੰਕਾਰੀਆਂ ਦਾ ਹੰਕਾਰ ਤੋੜੇਗਾ ਤੇ ਆਪਣੀ ਵਸਤੂ ਲੈ ਲਵੇਗਾ।

ਸੰਗਤ ਅੰਮ੍ਰਿਤਸਰ ਗਈ, ਤਾਂ ਪਤਾ ਲੱਗਾ, ਕਿ ਗੁਰੂ ਜੀ ਮਾਲਵੇ ਵਿਚ ਪਿੰਡ 'ਭਾਈ ਰੂਪੇ' ਹਨ। ਰਾਹ ਦੇ ਗੁਰਧਾਮਾਂ ਦੇ ਦਰਸ਼ਨ ਕਰਦੀ ਹੋਈ ਸੰਗਤ ਓਥੇ ਜਾ ਪਹੁੰਚੀ। ਅੱਗੇ ਦੀਵਾਨ ਸਜਿਆ ਹੋਇਆ ਸੀ ਤੇ ਮੀਰੀ ਪੀਰੀ ਦੇ ਮਾਲਕ ਗੁਰਗੱਦੀ 'ਤੇ ਸ਼ੋਭਨੀਕ ਸਨ।

ਕਬਿੱਤ

ਭਾਈ ਰੂਪੇ ਪਿੰਡ ਵਿਚ ਸਜਿਆ ਦੀਵਾਨ ਹੈਸੀ
ਗੱਦੀ 'ਤੇ ਬਿਰਾਜਮਾਨ ਛੇਵਾਂ ਅਵਤਾਰ ਸੀ
ਰਾਜਿਆਂ 'ਚੋਂ ਮਹਾਰਾਜਾ, ਵਲੀਆਂ 'ਚੋਂ ਮਹਾਂ ਵਲੀ
ਬਲੀਆਂ 'ਚੋਂ ਮਹਾਂ ਬਲੀ, ਬੀਰ ਕਲਾਧਾਰ ਸੀ

ਸੰਤ-ਸਿਪਾਹੀ, ਤੇਗ਼ਧਾਰੀ, ਉਪਕਾਰੀ ਵੱਡਾ
ਹਠੀ, ਤਪੀ, ਮੀਰੀ ਪੀਰੀ ਵਾਲੀ ਸਰਕਾਰ ਸੀ
'ਸੀਤਲ' ਸੁਨੱਖਾ, ਸੋਹਣਾ, ਸੁੰਦਰ ਸਰੂਪ, ਸੰਤ
ਨਮੋ, ਨਮੋ, ਨਮੋ, ਨੇਤ ਨੇਤ ਨਰ ਨਾਰ ਸੀ

ਗੁਰੂ ਮਹਾਰਾਜ ਦੇ ਦਰਸ਼ਨ ਕਰ ਕੇ ਸੰਗਤਾਂ ਨਿਹਾਲ ਹੋ ਰਹੀਆਂ ਸਨ। ਏਨੇ ਨੂੰ ਕਾਬਲ ਦੀ ਸੰਗਤ ਵੀ ਅਪੜ ਪਈ। ਉਹਨਾਂ ਦੇ ਚਿਹਰੇ ਉਤਰੇ ਹੋਏ ਤੇ ਦਿਲ ਉਦਾਸ ਸਨ। ਜਿਹੜੀ ਕੋਈ ਤੁੱਛ ਭੇਟਾ ਬਾਕੀ ਬਚੀ ਸੀ, ਉਹਨਾਂ ਹਜ਼ੂਰ ਦੇ ਸਾਮ੍ਹਣੇ ਆਣ ਰਖੀ। ਹਜ਼ੂਰ ਘਟ ਘਟ ਦੀ ਜਾਨਣਹਾਰੇ ਮੁਸਕਰੱਾ ਕੇ ਬੋਲੇ : "ਸਿੱਖੋ! ਤੁਹਾਡੀ ਸਭ ਘਾਲਣਾ ਪਰਵਾਨ। ਜਦ ਤੋਂ ਤੁਸੀਂ ਘਰੋਂ ਤੁਰੇ ਸੀ, ਤੁਹਾਡੀ ਬਹੁਮੁੱਲੀ ਭੇਟਾ ਓਸੇ ਸਮੇਂ ਤੋਂ ਗੁਰੂ ਨਾਨਕ ਜੀ ਦੇ ਦਰ ਪਰਵਾਨ ਹੋ ਗਈ ਸੀ। ਚਿੰਤਾ ਨਾ ਕਰੋ ਤੇ ਰਾਹ ਦੀ ਵਾਰਤਾ ਸੁਣਾਓ।"

ਇਹ ਬਚਨ ਸੁਣ ਕੇ ਕਾਬਲ ਦੀ ਸੰਗਤ ਦੇ ਨੇਤਰ ਭਰ ਆਏ। ਉਹਦੇ ਮੁਖੀ ਹੱਥ ਬੰਨ੍ਹ ਕੇ ਬੋਲੇ :

ਮਿਰਜ਼ਾ

ਚੱਲ ਆਈਆਂ ਸੰਗਤਾਂ ਕਾਬਲੋਂ, ਸੱਚੇ ਸਤਿਗੁਰ ਦੇ ਦਰਬਾਰ
ਕੁਛ ਭੇਟਾ ਧਰੀਆਂ ਆਣਕੇ, ਫਿਰ ਕੀਤੀ ਹਾਲ ਪੁਕਾਰ
ਕੀ ਰਾਹ ਵਿਚ ਬੀਤੀ ਦੱਸੀਏ, ਜਾਣੀ ਜਾਣ ਸੱਚੀ ਸਰਕਾਰ
ਦੋ ਘੋੜੇ ਭੇਟਾ ਵਾਸਤੇ, ਭੇਜੇ ਸੰਗਤਾਂ ਨਾਲ ਪਿਆਰ
ਕੀ ਉਸਤਤ ਕਰੀਏ ਉਹਨਾਂ ਦੀ, ਨਹੀਂ ਸਾਨੀ ਵਿਚ ਸੰਸਾਰ
ਉਹ ਧਰਤੀ ਸੁੰਬ ਨਾ ਲਾਉਂਦੇ, ਉਡ ਜਾਣ ਸਣੇ ਅਸਵਾਰ
ਉਹ ਭਿੱਜਣ ਦੇਂਦੇ ਪੈਰ ਨਾ, ਹੋ ਜਾਣ ਸਮੁੰਦਰੋਂ ਪਾਰ
ਸਾਥੋਂ ਰਾਹ ਵਿਚ ਖੋਹ ਲਏ ਬਾਦਸ਼ਾਹ, ਉਸ ਮੁਗ਼ਲ ਭਰੇ ਹੰਕਾਰ
ਫਿਰ ਕਿੱਥੇ ਗੱਲ ਇਨਸਾਫ਼ ਦੀ, ਜਦ ਜ਼ੁਲਮ ਕਰੇ ਸਰਕਾਰ
ਸਾਡੇ ਦਿਲ ਦੀਆਂ ਜਾਨਣ ਆਪ ਹੀ, ਮੀਰੀ ਪੀਰੀ ਦੇ ਅਵਤਾਰ
ਇਹ ਵਾਰਤਾ ਸੁਣ ਕੇ ਸਾਰੀ ਸੰਗਤ ਦੇ ਦਿਲ ਵਿਚ ਗ਼ੁੱਸਾ ਆ

ਗਿਆ। ਉਸ ਵੇਲੇ ਸਿੱਖ, ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਹੀ ਦੀਨ ਦੁਨੀਆਂ ਦਾ 'ਸੱਚਾ ਪਾਤਸ਼ਾਹ' ਮੰਨਦੇ ਸਨ। ਹੋਰ ਸਭ ਦੁਨਿਆਵੀ ਬਾਦਸ਼ਾਹਾਂ ਨੂੰ ਗੁਰੂ ਤੋਂ ਨੀਵਾਂ ਸਮਝਦੇ ਸਨ। ਵਿਚੋਂ ਬਹੁਤ ਸਾਰੇ ਸਿੱਖਾਂ ਨੇ ਜੋਸ਼ ਵਿਚ ਕਿਹਾ,"ਇਹ ਤਾਂ ਉਸ ਚੁਰਾਸੀ ਦੇ ਜੀਵ (ਬਾਦਸ਼ਾਹ) ਨੇ ਗੁਰੂ ਘਰ ਦੀ ਨਿਰਾਦਰੀ ਕੀਤੀ ਹੈ। ਇਹ ਕਦੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ।"

ਹਜ਼ੂਰ ਨੇ ਹੱਥ ਦੇ ਇਸ਼ਾਰੇ ਨਾਲ ਸੰਗਤਾਂ ਨੂੰ ਸ਼ਾਂਤ ਰਹਿਣ ਵਾਸਤੇ ਕਿਹਾ ਤੇ ਬਚਨ ਕੀਤਾ, "ਗੁਰੂ ਨਾਨਕ ਦੇਵ ਜੀ ਮਹਾਰਾਜ ਆਪਣੀ ਵਸਤੂ ਆਪੇ ਲੈ ਲੈਣਗੇ। ਤੁਸੀਂ ਚਿੰਤਾ ਨਾ ਕਰੋ। ਲਿਆਉਣ ਵਾਲੇ ਸਿੱਖਾਂ ਦੀ ਭੇਟਾ ਦਰ ਪਰਵਾਨ ਹੋ ਗਈ ਹੈ। ਤੁਸੀਂ ਗੁਰੂ ਮਹਾਰਾਜ ਦੇ ਘਰੋਂ ਵਰ ਮੰਗੋ।"

ਕਾਬਲ ਦੀ ਸੰਗਤ ਨੇ ਹੱਥ ਜੋੜ ਕੇ ਬੇਨਤੀ ਕੀਤੀ,"ਮਹਾਰਾਜ! ਸਾਡੀ ਏਹਾ ਪ੍ਰਾਰਥਨਾ ਹੈ, ਕਿ ਉਹ ਘੋੜੇ ਜਿਸ ਘਰ ਵਾਸਤੇ ਸੰਗਤ ਨੇ ਅਰਦਾਸ ਕਰਾਏ ਹਨ, ਉਹ ਓਸੇ ਘਰ ਵਿਚ ਆ ਜਾਣ। ਬੱਸ ਦਾਤਾ ! ਅਸੀਂ ਏਹਾ ਵਰ ਮੰਗਦੇ ਹਾਂ। ਕਿਰਪਾ ਕਰੋ ਤੇ ਸੰਗਤ ਦੀ ਆਸ ਪੂਰਨ ਕਰੋ। ਮਹਾਰਾਜ ! ਇਸ ਤੋਂ ਬਿਨਾਂ ਸਾਡੇ ਦਿਲਾਂ ਨੂੰ ਸ਼ਾਂਤੀ ਨਹੀਂ ਆ ਸਕਦੀ।"

ਹਜ਼ੂਰ ਨੇ ਸੰਗਤ ਦੇ ਦਿਲੀ ਦੁੱਖ ਨੂੰ ਅਨੁਭਵ ਕੀਤਾ ਤੇ ਸੂਰਮਿਆਂ ਵੱਲ ਸਨਮੁਖ ਹੋ ਕੇ ਬੋਲੇ :

ਸਾਕਾ

ਰੋਹ ਵਿਚ ਸੱਚਾ ਪਾਤਸ਼ਾਹ ਇਉਂ ਬਚਨ ਸੁਣਾਵੇ
ਹੈ ਕੋਈ ਐਸਾ ਸੂਰਮਾ ਜੋ ਘੋੜੇ ਲਿਆਵੇ
ਸੰਗਤ ਦੀ—ਬਲਵਾਨ ਜੋ—ਇਹ ਰੀਝ ਪੁਜਾਵੇ
ਫਲ ਪਾਵੇ ਮਨ ਭਾਉਂਦੇ ਸੱਤ ਕੁੱਲਾਂ ਤਰਾਵੇ
ਸਤਿਗੁਰ ਦੇ ਦਰਬਾਰ ਵਿਚ ਉਚ-ਪਦਵੀ ਪਾਵੇ
ਦੁਨੀਆਂ ਤੋਂ ਹੋ ਸੁਰਖ਼ਰੂ ਸੱਚਖੰਡ ਵਿਚ ਜਾਵੇ

ਹਜ਼ੂਰ ਦੇ ਇਹ ਬਚਨ ਸੁਣ ਕੇ ਸਾਰੀ ਸੰਗਤ 'ਤੇ ਇਕ ਵਾਰ ਚੁੱਪ ਛਾ ਗਈ। ਇਹ ਸਾਰਿਆਂ ਨੂੰ ਪਤਾ ਸੀ, ਕਿ ਘੋੜੇ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ

ਹਨ ਤੇ ਬਾਦਸ਼ਾਹ ਸ਼ਾਹਜਹਾਨ ਵੀ ਓਥੇ ਹੀ ਹੈ। ਸੋ, ਕਿਸੇ ਇਕ ਆਦਮੀ ਦਾ ਜਾ ਕੇ ਕਿਲ੍ਹੇ ਵਿਚੋਂ ਘੋੜੇ ਲੈ ਆਉਣੇ ਅਣਹੋਣੀ ਗੱਲ ਹੈ, ਪਰ ਬਿਧੀ ਚੰਦ ਕੁਛ ਹੋਰ ਹੀ ਸੋਚ ਰਿਹਾ ਸੀ। ਜਦ ਤੋਂ ਘੋੜਿਆਂ ਦੀ ਵਾਰਤਾ ਚੱਲੀ ਸੀ, ਉਹ ਦਿਲ ਵਿਚ ਸੋਚ ਰਿਹਾ ਸੀ, ਕਿ ਇਹ ਸੇਵਾ ਸਤਿਗੁਰੂ ਮੈਨੂੰ ਬਖ਼ਸ਼ਣ, ਤਾਂ ਠੀਕ ਹੈ। ਕਿਉਂਕਿ ਇਹ ਕੰਮ ਉਹਦੇ ਪਹਿਲੇ ਬਣੇ ਹੋਏ ਸੁਭਾਉ ਨਾਲ ਮਿਲਦਾ ਸੀ। ਸਿੱਖ ਬਣਨ ਤੋਂ ਪਹਿਲਾਂ ਉਹ ਬੜਾ ਪਰਸਿੱਧ ਧਾੜਵੀ ਰਿਹਾ ਸੀ। ਇਹ ਤਾਂ ਗੁਰੂ ਘਰ ਦੀ ਕਰਾਮਾਤ ਸੀ, ਕਿ ਜਨਮ ਦੇ ਧਾੜਵੀ ਨੂੰ ਸੰਗਤ ਦੇ ਜੂਠੇ ਭਾਂਡੇ ਮਾਂਜਣ 'ਤੇ ਲਾ ਦਿੱਤਾ ਸੀ। ਪੱਖਾ ਝਲਣਾ, ਪਾਣੀ ਢੋਣਾ, ਲੰਗਰ ਪਕਾਉਣਾ, ਭਾਂਡੇ ਮਾਂਜਣੇ, ਭਾਵੇਂ ਸੇਵਾ ਉਹ ਇਹ ਵੀ ਪ੍ਰੇਮ ਨਾਲ ਕਰਦਾ ਸੀ, ਪਰ ਇਹ ਉਹਦੇ ਸੁਭਾਉ ਨਾਲ ਨਹੀਂ ਸੀ ਢੁਕਦੀ । ਸੋ, ਮਨ ਭਾਉਂਦਾ ਸਮਾਂ ਸਾਮ੍ਹਣੇ ਵੇਖ ਕੇ ਉਹ ਗਲ ਵਿਚ ਪੱਲਾ ਪਾ ਕੇ ਇਉਂ ਅਰਦਾਸ ਕਰਨ ਲੱਗਾ:-

ਜੰਗਲਾ

ਬਿਧੀ ਚੰਦ ਹੱਥ ਜੋੜ ਸੁਣਾਇਆ, ਹੁਕਮ ਤੁਹਾਡਾ ਚਾਹਵਾਂ
ਸ਼ਾਹੀ ਕਿਲ੍ਹੇ ਲਾਹੌਰ ਵਿਚੋਂ ਮੈਂ, ਘੋੜੇ ਕਢ ਲਿਆਵਾਂ
ਮਾਣ ਮੁਗ਼ਲ ਦਾ ਤੋੜਾਂ ਸਾਰਾ, ਤਖ਼ਤ ਸ਼ਾਹੀ ਉਲਟਾਵਾਂ
ਸਿਰ 'ਤੇ ਹੱਥ ਗੁਰਾਂ ਦਾ ਹੋਵੇ, ਅਣਹੋਣੀ ਕਰ ਆਵਾਂ

ਹਜ਼ੂਰ ਇਹ ਬਚਨ ਸੁਣ ਕੇ ਬੜੇ ਪਰਸੰਨ ਹੋਏ। ਆਪਨੇ ਖ਼ੁਸ਼ੀ ਨਾਲ ਕਿਹਾ," ਭਾਈ ਬਿਧੀ ਚੰਦ ਜੀ, ਗੁਰੂ ਨਾਨਕ ਦੇਵ ਜੀ ਆਪ ਦੇ ਸਦਾ ਅੰਗ ਸੰਗ ਹੋਣਗੇ।"

ਸਾਰੀ ਸੰਗਤ ਨੇ ਵੀ ਖ਼ੁਸ਼ੀ ਦੇ ਜੈਕਾਰੇ ਛੱਡੇ ਤੇ ਬਿਧੀ ਚੰਦ ਦੀ ਸਫਲਤਾ ਵਾਸਤੇ ਅਰਦਾਸ ਕੀਤੀ। ਗੁਰੂ ਜੀ ਤੋਂ ਥਾਪੜਾ ਲੈ ਕੇ ਬਿਧੀ ਚੰਦ ਤੁਰਿਆ ਤੇ ਤਿੰਨ ਰਾਤਾਂ ਰਾਹ ਵਿਚ ਰਹਿ ਕੇ ਚੌਥੇ ਦਿਨ ਲਾਹੌਰ ਆ ਪੁੱਜਾ। ਉਹ ਸਾਰੇ ਰਾਹ ਇਹ ਵਿਉਂਤਾਂ ਸੋਚਦਾ ਆਇਆ, ਕਿ ਕਿਲ੍ਹੇ ਵਿਚੋਂ ਘੋੜੇ ਕਿਵੇਂ ਕਢੇ ਜਾਣ।

ਬੈਂਤ

ਬਿਧੀ ਚੰਦ ਲਾਹੌਰ ਦੇ ਵੱਲ ਤੁਰਿਆ
ਸੱਚੇ ਗੁਰਾਂ ਦੀ ਓਟ ਤਕਾਇਕੇ ਜੀ
ਸੋਚੇ : ਕਿਸ ਤਰ੍ਹਾਂ ਮੈਂ ਕਾਮਯਾਬ ਹੋਵਾਂ
ਕਿਲ੍ਹੇ ਬਾਦਸ਼ਾਹੀ ਅੰਦਰ ਜਾਇਕੇ ਜੀ
ਕਦੇ ਸੋਚਦਾ : ਕੰਧ ਨੂੰ ਪਾੜ ਮਾਰਾਂ
ਸੁੱਤੇ ਪਾਹਰੂਆਂ ਲੈ ਜਾਂ ਚੁਰਾਇਕੇ ਜੀ
ਸੋਚੇ ਫੇਰ, ਕਿ ਕਿਲ੍ਹੇ ਦੀ ਕੰਧ ਚੌੜੀ
ਪਾੜੀ ਜਾਊ ਉਹ ਤਾਂ ਸਮਾਂ ਪਾਇਕੇ ਜੀ
ਤਾਂ ਫਿਰ ਕੰਧ ਉਤਦੀ ਚੜ੍ਹ ਕੇ ਜਾਂ ਅੰਦਰ
ਬਾਹਰੋਂ ਵਾਂਸ ਦੀਆਂ ਪੌੜੀਆਂ ਲਾਇਕੇ ਜੀ
ਸੋਚੇ ਫੇਰ, ਥਾਂ ਥਾਂ ਪਹਿਰੇਦਾਰ ਹੋਸਨ
ਔਖਾ ਲੰਘਣਾ ਅੱਖ ਬਚਾਇਕੇ ਜੀ
ਤਾਂ ਫਿਰ ਬਣਾਂ ਸੌਦਾਗਰ ਤੇ ਜਾਂ ਅੰਦਰ
ਮਾਰਵਾੜੀ ਦਾ ਭੇਸ ਵਟਾਇਕੇ ਜੀ
ਐਪਰ ਬਾਦਸ਼ਾਹ ਵੇਚਣੇ ਮੰਨਣੇ ਨਹੀਂ
ਜਾਈਏ ਹੋਰ ਕੋਈ ਵਿਉਂਤ ਬਣਾਇਕੇ ਜੀ
ਘਾਹੀ ਬਣ, ਨੌਕਰ ਹੋਵਾਂ ਘੋੜਿਆਂ ਦਾ
ਫੇਰ ਰਾਖੇ ਹੱਥਾਂ ਉੱਤੇ ਪਾਇਕੇ ਜੀ
ਕਰੇ ਗੁਰੂ ਸਹਾਇਤਾ, ਤਾਂ ਕੰਧ ਉਤਦੀ
ਲੈ ਜਾਂ ਘੋੜਿਆਂ ਤਾਈਂ ਉਡਾਇਕੇ ਜੀ

ਲਾਹੌਰ ਦਾ ਇਕ ਤਖਾਣ ਸਿੱਖ 'ਜੀਵਣ' ਪਹਿਲਾਂ ਤੋਂ ਹੀ ਬਿਧੀ ਚੰਦ ਦਾ ਜਾਣੂ ਸੀ। ਬਿਧੀ ਚੰਦ ਉਹਦੇ ਘਰ ਜਾ ਪੁੱਜਾ। ਦੋਵੇਂ ਬੜੇ ਪ੍ਰੇਮ ਨਾਲ ਮਿਲੇ। ਬਿਧੀ ਚੰਦ ਨੇ ਆਉਣ ਦਾ ਕਾਰਨ ਦੱਸਿਆ, ਤਾਂ ਜੀਵਣ ਸੁਣ ਕੇ ਹੈਰਾਨ ਰਹਿ ਗਿਆ। ਉਹ ਏਸ ਕੰਮ ਨੂੰ ਅਸੰਭਵ ਸਮਝਣ ਲੱਗਾ। ਉਹਨੇ ਦੱਸਿਆ,

"ਬਾਦਸ਼ਾਹ ਸੰਮਣ ਬੁਰਜ ਵਿਚ ਰਹਿੰਦਾ ਹੈ, ਤੇ ਘੋੜੇ ਉਸ ਦੇ ਨੇੜੇ ਹੀ ਬੜੀ ਕਰੜੀ ਰਾਖੀ ਵਿਚ ਰਹਿੰਦੇ ਹਨ। ਬਾਦਸ਼ਾਹ ਨੂੰ ਉਹ ਏਨੇ ਪਿਆਰੇ ਹਨ, ਕਿ ਉਹ ਇਕ ਦਿਨ ਵੀ ਉਹਨਾਂ ਨੂੰ ਵੇਖੇ ਬਿਨਾਂ ਨਹੀਂ ਰਹਿੰਦਾ। ਸੋ, ਭਾਈ ਸਾਹਿਬ ਜੀ ! ਓਥੋਂ ਘੋੜੇ ਕੱਢਣੇ ਔਖੇ ਹੀ ਨਹੀਂ, ਅਣਹੋਣੀ ਗੱਲ ਹੈ।"

ਬਿਧੀ ਚੰਦ ਨੇ ਦ੍ਰਿੜ੍ਹ ਭਰੋਸੇ ਨਾਲ ਕਿਹਾ,"ਭਾਈ ਜੀਵਨ ਜੀ! ਆਪ ਕਰਤਾਰ ਦੇ ਰੰਗ ਵੇਖੋ। ਮਰਦਾਂ ਦੀ ਦੁਨੀਆਂ ਵਿਚ ਕੋਈ ਵੀ ਗੱਲ ਅਨੋਖੀ ਨਹੀਂ। ਤੁਸੀਂ ਇਕ ਰੰਬਾ ਤੇ ਇਕ ਕੰਬਲੀ ਮੈਨੂੰ ਦੇ ਦਿਓ ਤੇ ਮੈਂ ਸਵੇਰ ਤੋਂ ਆਪਣਾ ਕੰਮ ਆਰੰਭ ਦੇਂਦਾ ਹਾਂ।"

ਰਾਤ ਨੂੰ ਪਰਸ਼ਾਦ ਛਕਿਆ, ਗੁਰੂ ਘਰ ਦੀ ਵਾਰਤਾ ਚਲਦੀ ਰਹੀ ਤੇ ਆਰਾਮ ਕੀਤਾ। ਅਗਲੇ ਦਿਨ ਤੜਕੇ ਹੀ ਉਠ ਕੇ ਬਿਧੀ ਚੰਦ ਘਾਹ ਖੋਤਣ ਚਲਾ ਗਿਆ। ਰਾਵੀ ਦੇ ਕੰਢੇ ਤੋਂ ਬੜਾ ਸਾਫ਼ ਸੁਥਰਾ ਘਾਹ ਖੋਤ ਕੇ, ਪੰਡ ਬੰਨ੍ਹ ਕੇ ਬਿਧੀ ਚੰਦ—ਬਾਕੀ ਘਾਹੀਆਂ ਵਿਚ—ਕਿਲ੍ਹੇ ਦੇ ਬੂਹੇ ਅੱਗੇ ਆ ਬੈਠਾ।

ਸਾਕਾ

ਉਠ ਪਰਭਾਤੇ ਬਿਧੀ ਚੰਦ ਘਾਹ ਖੋਤ ਲਿਆਵੇ
ਆਣ ਕਿਲ੍ਹੇ ਦੇ ਸਾਮ੍ਹਣੇ ਛੰਡ ਢੇਰੀ ਲਾਵੇ
ਹਰਿਆ ਸਾਵਾ ਸਾਫ਼ ਘਾਹ ਪਿਆ ਦਿਲ ਭਰਮਾਵੇ
ਵੇਖਣ ਵਾਲੇ ਗਾਹਕ ਦਾ ਮਨ ਖਿਚਿਆ ਜਾਵੇ
'ਇਕ ਰੁਪਇਆ ਲਵਾਂਗਾ' ਜਦ ਮੁੱਲ ਸੁਣਾਵੇ
ਗਾਹਕ ਖਿਸਕਦੇ ਜਾਣ ਸਭ ਕੋਈ ਹੱਥ ਨਾ ਪਾਵੇ

ਘਾਹ ਏਨਾ ਸਾਫ਼ ਸੁਥਰਾ ਤੇ ਸੁਚੱਜਤਾ ਨਾਲ ਰਖਿਆ ਹੋਇਆ ਸੀ, ਕਿ ਵੇਖਦੇ ਸਾਰ ਗਾਹਕ ਦੂਰੋਂ ਹੀ ਖਿਚਿਆ ਆਉਂਦਾ। ਪਰ ਵੇਚਣ ਵਾਲੇ ਨੂੰ ਇਹਨਾਂ ਗਾਹਕਾਂ ਦੀ ਲੋੜ ਨਹੀਂ ਸੀ। ਉਹ ਤਾਂ ਕਿਸੇ ਇਕ ਗਾਹਕ ਦੀ ਉਡੀਕ ਵਿਚ ਸੀ। ਕੁਦਰਤ ਨੇ ਉਹ ਵੀ ਭੇਜ ਦਿੱਤਾ। ਜੀਵਨ ਨੇ ਸਭ ਕੁਛ ਦੱਸ ਦਿੱਤਾ ਸੀ, ਕਿ ਸੌਂਧੇ ਖ਼ਾਂ ਦਰੋਗ਼ੇ ਦੀ ਨਿਗਰਾਨੀ ਵਿਚ ਘੋੜੇ ਰਹਿੰਦੇ ਹਨ। ਕਿਲ੍ਹੇ ਵਿਚੋਂ ਦਰੋਗ਼ਾ ਸੌਂਧੇ ਖ਼ਾਂ ਨਿਕਲਿਆ, ਤਾਂ ਸਾਰੇ ਘਸਿਆਰੇ ਉਠ ਕੇ ਖਲੋ

ਗਏ ਤੇ ਹਰ ਇਕ ਆਪੋ ਆਪਣੇ ਘਾਹ ਬਾਰੇ ਕਹਿਣ ਲੱਗਾ। ਸਾਰੀਆਂ ਢੇਰੀਆਂ ਨੂੰ ਵੇਖਦਿਆਂ-ਵੇਖਦਿਆਂ ਦਰੋਗ਼ੇ ਦੀ ਨਿਗ੍ਹਾ ਬਿਧੀ ਚੰਦ ਦੇ ਘਾਹ 'ਤੇ ਪਈ, ਤਾਂ ਦਰੋਗ਼ੇ ਦਾ ਧਿਆਨ ਓਸ ਪਾਸੇ ਖਿਚਿਆ ਗਿਆ। ਉਸ ਨੇ ਭਾਈ ਸਾਹਿਬ ਤੋਂ ਮੁੱਲ ਪੁੱਛਿਆ, ਤਾਂ ਉਹਨੇ ਬੜੀ ਨਮਰਤਾ ਨਾਲ ਅੱਗੋਂ ਕਿਹਾ, 'ਸਰਕਾਰ, ਮੁੱਲ ਤੁਹਾਡੇ ਨਾਲ ਕਰਾਂ? ਸੱਚੇ ਪੱਤਸ਼ਾਹ ਦੇ ਘੋੜਿਆਂ ਵਾਸਤੇ ਘਾਹ ਜਾਣਾ ਹੈ, ਜੋ ਆਪ ਦਿਉਗੇ, ਮੈਂ ਲੈ ਲਵਾਂਗਾ। ਜੇ ਇਹ ਘਾਹ ਸੱਚੇ ਪਾਤਸ਼ਾਹ ਦੇ ਘੋੜਿਆਂ ਯੋਗ ਹੋ ਜਾਵੇ, ਤਾਂ ਮੇਰੇ ਧੰਨ ਭਾਗ।"

ਬਿਧੀ ਚੰਦ 'ਸੱਚਾ ਪਾਤਸ਼ਾਹ' ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਕਹਿੰਦਾ ਸੀ, ਤੇ ਘੋੜੇ ਹੈ ਗੇ ਵੀ ਗੁਰੂ ਸਾਹਿਬ ਜੀ ਦੇ ਹੀ ਸਨ। ਬਾਦਸ਼ਾਹ ਨੇ ਤਾਂ ਹਿੱਕ ਦੇ ਧੱਕੇ ਨਾਲ ਸੰਗਤਾਂ ਤੋਂ ਖੋਹ ਲਏ ਸਨ। ਪਰ ਦਰੋਗ਼ੇ ਨੇ ਸਮਝਿਆ, ਕਿ ਉਹ 'ਸੱਚਾ ਪਾਤਸ਼ਾਹ' ਬਾਦਸ਼ਾਹ ਨੂੰ ਕਹਿੰਦਾ ਹੈ। ਬਿਧੀ ਚੰਦ ਦੀ ਮਿੱਠੀ ਬੋਲੀ ਨੇ ਦਰੋਗ਼ੇ ਦੇ ਮਨ 'ਤੇ ਬੜਾ ਚੰਗਾ ਅਸਰ ਕੀਤਾ। ਉਹਨੇ ਘਾਹ ਬਿਧੀ ਚੰਦ ਨੂੰ ਚੁਕਾੱ ਲਿਆ ਤੇ ਕਿਲ੍ਹੇ ਵਿਚ ਘੋੜਿਆਂ ਕੋਲ ਲੈ ਗਿਆ। ਭਾਈ ਸਾਹਿਬ ਨੇ ਘੋੜੇ ਵੇਖੇ, ਤਾਂ ਉਹਨਾਂ ਦੀ ਸੁੰਦਰਤਾ ਉੱਤੇ ਦਿਲ ਮੋਹਿਆ ਗਿਆ। ਉਸ ਦੇ ਸਿੱਖ-ਹਿਰਦੇ ਨੇ ਸੀਸ ਝੁਕਾਇਆ ਤੇ ਕਿਹਾ: ਇਹ ਘੋੜੇ ਠੀਕ ਹੀ ਗੁਰੂ ਮਹਾਰਾਜ ਦੇ ਯੋਗ ਹਨ। ਉਹ ਨਾਲੇ ਤਾਂ ਝਾੜ-ਝਾੜ ਕੇ ਘਾਹ ਘੋੜਿਆਂ ਅੱਗੇ ਪਾਉਣ ਲੱਗਾ ਤੇ ਨਾਲੇ ਦੀਵਾਨਿਆਂ ਵਾਂਗ ਇਉਂ ਕਹਿਣ ਲੱਗਾ :

ਮਿਰਜ਼ਾ

ਜਦ ਘੋੜੇ ਵੇਖੇ ਬਿਧੀ ਚੰਦ, ਤਾਂ ਦਿੱਤਾ ਸੀਸ ਝੁਕਾੱ
'ਵਾਹ ਘੋੜੇ ਸੱਚੇ ਸਾਹਿਬ ਦੇ' ਉਸ ਉੱਚੀ ਕਿਹਾ ਸੁਣਾੱ
ਹੈ ਜੀਵਨ ਸਫਲਾ ਹੋ ਗਿਆ, ਅਜ ਦਰਸ਼ ਇਨ੍ਹਾਂ ਦੇ ਪਾ
ਜੇ ਸੇਵਾ ਬਖ਼ਸ਼ੇ ਇਨ੍ਹਾਂ ਦੀ, ਇਸ ਸੇਵਕ ਤਾਈਂ ਖ਼ੁਦਾ
ਧੰਨ ਭਾਗ ਮੈਂ ਸਮਝਾਂ ਆਪਣੇ, ਦਿਆਂ ਤਨ ਮਨ ਲੇਖੇ ਲਾ
ਮੈਂ ਅਜ ਤਕ ਏਹੋ ਜਿਹਾ ਨਾ, ਵਿਚ ਦੁਨੀਆਂ ਡਿਠਾ ਕਾ

ਇਹ ਆਪ ਰਚੇ ਭਗਵਾਨ ਨੇ, ਕਿਤੇ ਬਹੁਤ ਪਰੀਤਾਂ ਲਾ
ਇਹ ਹੋਣ ਸੁਹੰਢਣੇ 'ਸਾਹਿਬ' ਨੂੰ, ਮੈਂ ਲੱਖ ਲੱਖ ਕਰਾਂ ਦੁਆ

ਬਿਧੀ ਚੰਦ ਨੇ ਘਾਹ ਘੋੜਿਆਂ ਅੱਗੇ ਪਾ ਦਿੱਤਾ। ਪੱਲੇ ਨਾਲ ਘੋੜਿਆਂ ਦੇ ਪਿੰਡੇ ਪੂੰਝੇ ਤੇ ਪਿੱਛੇ ਪਈ ਲਿੱਦ ਹੱਥ ਨਾਲ ਦੂਰ ਹਟਾਈ। ਇਹ ਅਨੋਖਾ ਘਾਹੀ ਵੇਖ ਕੇ ਦਰੋਗ਼ਾ ਬੜਾ ਖ਼ੁਸ਼ ਹੋਇਆ। ਉਸਨੇ ਪੁਛਿਆ "ਘਾਹੀ ਤੇਰਾ ਕੀ ਨਾਂ ਹੈ।"

ਅੱਗੋਂ ਬਿਧੀ ਚੰਦ ਨੇ ਹੱਥ ਜੋੜ ਕੇ ਕਿਹਾ, "ਸਰਕਾਰ! ਇਸ ਸੇਵਾਦਾਰ ਦਾ ਨਾਂ 'ਕਸੇਰਾ' ਹੈ।"

ਦਰੋਗ਼ੇ ਨੇ ਪਰਸੰਨ ਹੋ ਕੇ ਕਿਹਾ, "ਤੂੰ ਬੜਾ ਚੰਗਾ ਬੰਦਾ ਹੈਂ। ਲੈ ਤੈਨੂੰ ਇਨਾਮ ਦੇਈਏ। ਭਲਕੇ ਫੇਰ ਏਸੇਤਰ੍ਹਾਂ ਦਾ ਚੰਗਾ ਘਾਹ ਲਿਆਵੀਂ।"

ਇਹ ਕਹਿ ਕੇ ਦਰੋਗ਼ੇ ਨੇ ਇਕ ਰੁਪਿਆ ਬਿਧੀ ਚੰਦ ਨੂੰ ਦਿੱਤਾ। ਉਹਨੇ ਰੁਪਇਆ ਲੈ ਲਿਆ ਤੇ ਸੱਚੇ ਸਾਹਿਬ ਦੇ ਗੁਣ ਗਾਉਂਦਾ ਬਾਹਰ ਚਲਾ ਗਿਆ। ਉਹਨੇ ਸੋਚਿਆ, ਕਿ ਮੁਗ਼ਲਾਂ ਦੇ ਘਰ ਦੀ ਕੋਈ ਵਸਤੂ ਗ੍ਰਹਿਣ ਨਹੀਂ ਕਰਨੀ। ਸੋ, ਉਸ ਨੇ ਹਟਵਾਣੀਏ ਤੋਂ ਰੁਪੈ ਦਾ ਭਾਨ ਲੈ ਕੇ ਗ਼ਰੀਬਾਂ ਦੇ ਬਾਲਾਂ ਨੂੰ ਵੰਡ ਦਿੱਤਾ। ਉਹਨੇ ਰਾਤ ਭਾਈ ਜੀਵਣ ਦੇ ਘਰ ਕੱਟੀ ਤੇ ਸਵੇਰੇ ਫੇਰ ਆਪਣੇ ਕੰਮ 'ਤੇ ਚਲਾ ਗਿਆ।

ਦਸ ਪੰਦਰਾਂ ਦਿਨ ਏਸੇ ਤਰ੍ਹਾਂ ਲੰਘ ਗਏ। ਉਹ ਰੋਜ਼ ਘਾਹ ਲਿਆਉਂਦਾ ਤੇ ਦਰੋਗ਼ਾ ਘੋੜਿਆਂ ਨੂੰ ਪਾਉਣ ਵਾਸਤੇ ਨਾਲ ਲੈ ਜਾਂਦਾ। ਜਦ ਉਹ ਘੋੜਿਆਂ ਕੋਲ ਜਾਂਦਾ, ਤਾਂ ਬੜੇ ਪ੍ਰੇਮ ਨਾਲ ਉਹਨਾਂ ਦੀ ਸੇਵਾ ਕਰਨ ਲੱਗ ਜਾਂਦਾ। ਲਿੱਦ ਹਟਾਉਂਦਾ, ਖੁਰਲੀ ਸਾਫ਼ ਕਰਦਾ, ਪਿੰਡੇ 'ਤੇ ਕੱਪੜਾ ਫੇਰਦਾ ਤੇ ਕਦੇ ਉਹ ਖਰਖਰਾ ਵੀ ਕਰਨ ਲੱਗ ਜਾਂਦਾ। ਨਾਲ ਉਹ ਕਈ ਕਿਸਮ ਦੇ ਸਵਾਲ ਕਰਨ ਲੱਗ ਪੈਂਦਾ : "ਸਰਕਾਰ ! ਇਹਨਾਂ ਘੋੜਿਆਂ ਨੂੰ ਦਿਨ ਵਿਚ ਕਿੰਨੀ ਵਾਰ ਨਿਹਾਰੀ ਮਿਲਦੀ ਏ? ਕਿੰਨੀ ਵਾਰ ਨੁਹਾਉਂਦੇ ਹਨ? ਕਿਸ ਵੇਲੇ ਖਰਖਰਾ ਕਰਦੇ ਹਨ? ਰਾਤ ਇਹਨਾਂ ਦੀ ਸੇਵਾ ਵਾਸਤੇ ਕੌਣ ਰਹਿੰਦਾ ਹੈ? ਮੈਂ ਤਾਂ ਹੋਵਾਂ, ਤਾਂ ਸਾਰਾ ਦਿਨ ਤੇ ਰਾਤ ਸੇਵਾ ਕਰਦਾ ਹੀ ਨਾ ਰੱਜਾਂ। ਇਹਨਾਂ ਦੀ ਸੇਵਾ ਕਰਨ ਨੂੰ ਤਾਂ ਮੱਲੋ ਮੱਲੀ ਦਿਲ ਕਰਦਾ ਏ।........।"

ਦਰੋਗ਼ਾ ਸੌਂਧੇ ਖ਼ਾਂ ਬਿਧੀ ਚੰਦ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ 'ਤੇ ਭੁੱਲ ਗਿਆ। ਇਕ ਦਿਨ ਉਹਨੇ ਪੁੱਛਿਆ, "ਭਾਈ ਕਸੇਰਿਆ ! ਤੂੰ ਇਹਨਾਂ ਘੋੜਿਆਂ ਦੀ ਸੇਵਾ ਵਾਸਤੇ ਨੌਕਰ ਰਹਿਣਾ ਚਾਹੁੰਦਾ ਏਂ?"

ਬਿਧੀ ਚੰਦ ਨੇ ਬੜੀ ਖ਼ੁਸ਼ੀ ਨਾਲ 'ਹਾਂ' ਕਰ ਦਿੱਤੀ। ਇਕ ਰੁਪਇਆ ਰੋਜ਼ 'ਤੇ ਉਹਨੂੰ ਨੌਕਰ ਰੱਖ ਲਿਆ ਗਿਆ। ਹੁਣ ਉਹਨੇ ਪੂਰਾ ਦਿਲ ਲਾ ਕੇ ਘੋੜਿਆਂ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਅਸਲ ਵਿਚ ਉਹ ਘੋੜਿਆਂ ਦੀ ਨਹੀਂ, ਘੋੜਿਆਂ ਵਾਲੇ ਦੀ ਸੇਵਾ ਕਰਦਾ ਸੀ।

ਬੈਂਤ

ਨੌਕਰ ਹੋ ਗਿਆ ਬਿਧੀ ਚੰਦ ਘੋੜਿਆਂ ਦਾ
ਦਿਨੇ ਰਾਤ ਉਹ ਸੇਵਾ ਕਮਾਵੰਦਾ ਏ
ਅੱਗੇ ਨਾਲੋਂ ਵੀ ਬਹੁਤਾ ਪਰੇਮ ਕਰ ਕੇ
ਵਧੀਆ ਖੋਤ ਕੇ ਘਾਹ ਲਿਆਵੰਦਾ ਏ
ਫੇਰ ਖਰਖਰਾ ਤੇ ਮਾਲਸ਼ ਕਰੇ ਹੱਥੀਂ
ਝੋਲੀ ਵਿਚ ਨਿਹਾਰੀ ਖੁਆਵੰਦਾ ਏ
ਹੇਠਾਂ ਰੇਤ ਪਾ ਪਾ ਜਗ੍ਹਾ ਸਾਫ਼ ਰਖੇ
ਕੂੜਾ ਲਿੱਦ ਸਭ ਹੱਥੀਂ ਹਟਾਵੰਦਾ ਏ
ਸਾਬਣ ਖ਼ੂਬ ਮਲ ਕੇ ਰੀਝਾਂ ਲਾ ਲਾ ਕੇ
ਕਰ ਕੇ ਗਰਮ ਜਲ ਨਿਤ ਨੁਹਾਵੰਦਾ ਏ
ਇਕ ਮਿੰਟ ਨਾ ਕਰਨ ਵਿਸਾਹ ਘੋੜੇ
ਹਿਣਕਣ ਵੇਖ ਕੇ ਜਦ ਨੇੜੇ ਆਵੰਦਾ ਏ
ਬਾਕੀ ਸਮਾਂ ਜਿਹੜਾ ਬਚੇ ਏਸ ਕੰਮੋਂ
ਸੌਂਧੇ ਖ਼ਾਨ ਦੀ ਸੇਵਾ 'ਚ ਲਾਵੰਦਾ ਏ
'ਜੀ ਜੀ' ਆਖ ਕੇ 'ਸੀਤਲਾ' ਸਾਰਿਆਂ ਨੂੰ
ਬਿਧੀ ਨਾਲ ਉਹ ਹੱਥਾਂ 'ਤੇ ਪਾਵੰਦਾ ਏ

ਬਿਧੀ ਚੰਦ ਹਰ ਵੇਲੇ ਆਪਣੇ ਕੰਮ ਵਿਚ ਲੱਗਾ ਰਹਿੰਦਾ। ਉਹ ਨਿਰਾ ਘੋੜਿਆਂ ਦਾ ਕੰਮ ਹੀ ਨਹੀਂ, ਦਰੋਗ਼ੇ ਦੇ ਬਾਕੀ ਨੌਕਰਾਂ ਦਾ ਕੰਮ ਵੀ ਉਹ ਬੜੇ

ਪ੍ਰੇਮ ਨਾਲ ਕਰਦਾ। ਉਸ ਉੱਤੇ ਸਾਰੇ ਖ਼ੁਸ਼ ਸਨ ਤੇ ਸੋਚਦੇ ਸਨ, ਕਿ ਇਹ ਤਾਂ ਖ਼ੁਦਾ ਨੇ ਹਰ ਵੇਲੇ ਦਾ ਸੇਵਾਦਾਰ ਸਾਨੂੰ ਬਖ਼ਸ਼ਿਆ ਹੈ। ਉਹਦੀ ਸੇਵਾ ਦੀ ਤੇ ਚੰਗੇ ਸੁਭੱਾ ਦੀ ਚਰਚਾ ਸਾਰੇ ਕਿਲ੍ਹੇ ਵਿਚ ਹੋਣ ਲੱਗ ਪਈ। ਹੁੰਦੀ ਕਿਉਂ ਨਾ ! ਐਡਾ ਨਿਸ਼ਕਾਮ ਸੇਵਕ ਘੱਟ ਹੀ ਮਿਲਦਾ ਹੈ।

ਥੋੜ੍ਹੇ ਜੇਹੇ ਸਮੇਂ ਵਿਚ ਹੀ ਉਹ ਸਾਰਿਆਂ ਨਾਲ ਏਨਾ ਰਚ ਮਿਚ ਗਿਆ ਸੀ, ਜਿਵੇਂ ਮੁੱਦਤ ਤੋਂ ਉਹਨਾਂ ਦਾ ਮਿੱਤਰ ਹੁੰਦਾ ਹੈ। ਏਥੋਂ ਤਕ ਉਹਨੂੰ ਖੁੱਲ੍ਹ ਪਰਾਪਤ ਹੋ ਗਈ ਸੀ, ਕਿ ਉਹ ਹਰ ਵੇਲੇ ਕਿਲ੍ਹੇ ਤੋਂ ਅੰਦਰ ਬਾਹਰ ਆ ਜਾ ਸਕਦਾ ਸੀ ਤੇ ਹਰ ਥਾਂ ਅੰਦਰ ਫਿਰ ਸਕਦਾ ਸੀ। ਏਨੇ ਸਮੇਂ ਵਿਚ ਉਹਨੇ ਕਿਲ੍ਹੇ ਦਾ ਚੁਫੇਟਾ ਤਾੜ ਲਿਆ, ਤੇ ਜਾਚ ਲਿਆ ਸੀ, ਕਿ ਦਾੱ ਲੱਗੇ 'ਤੇ ਕਿਥੋਂ ਕੁ ਕੰਧ ਉਤਦੀ ਘੋੜਾ ਟਪਾਇਆ ਜਾ ਸਕਦਾ ਹੈ! ਦਰਿਆ ਰਾਵੀ ਓਦੋਂ ਕਿਲ੍ਹੇ ਦੀ ਕੰਧ ਨਾਲ ਵਗਦਾ ਸੀ। ਪਾਣੀ ਵਿਚ ਛਾਲ ਮਾਰਨ ਦਾ ਹੀ ਉਸ ਦਾ ਇਰਾਦਾ ਸੀ। ਇਹ ਸੋਚਕੇ, ਕਿ ਅਚਨਚੇਤ ਪਾਣੀ ਵਿਚ ਘੋੜੇ ਦੇ ਡਿੱਗਣ ਨਾਲ ਖੜਾਕ ਹੋਵੇਗਾ, ਤਾਂ ਲੋਕ ਜਾਗ ਪੈਣਗੇ, ਉਹਨੇ ਇਕ ਹੋਰ ਵਿਉਂਤ ਕੀਤੀ। ਬਾਹਰੋਂ ਘਾਹ ਲੈਣ ਗਿਆ, ਉਹ ਪੰਡ ਵਿਚ ਵੱਡਾ ਸਾਰਾ ਖਿੰਘਰ ਬੰਨ੍ਹ ਲਿਆਇਆ। ਜਦ ਤੋਂ ਨੌਕਰ ਹੋਇਆ ਸੀ, ਉਹ ਰਾਤ ਘੋੜਿਆਂ ਦੇ ਕੋਲ ਹੀ ਰਹਿੰਦਾ। ਕੇਵਲ ਜੀਵਣ ਦੇ ਘਰੋਂ ਰੋਟੀ ਖਾਣ ਜਾਣ ਦਾ ਸਮਾਂ ਹੀ, ਉਹ ਬਾਹਰ ਰਹਿੰਦਾ। ਅੱਧੀ ਰਾਤ ਵੇਲੇ ਉਹਨੇ ਖੰਘਰ ਪਾਣੀ ਵਿਚ ਸੁੱਟਿਆ। ਖੜਾਕ ਨਾਲ ਲੋਕ ਜਾਗੇ, ਪਹਿਰੇਦਾਰਾਂ ਕਿਲ੍ਹੇ ਦੇ ਅੰਦਰੋਂ ਬਾਹਰੋਂ ਵੇਖ ਭਾਲ ਕੀਤੀ, ਪਰ ਓਥੇ ਕੁਛ ਵੀ ਪਤਾ ਨਾ ਲੱਗਾ। ਅਗਲੇ ਦਿਨ ਫੇਰ, ਅਗਲੇਰੇ ਦਿਨ ਫੇਰ ਓਸੇ ਤਰ੍ਹਾਂ ਖੜਾਕ ਹੋਇਆ। ਹੌਲੀ-ਹੌਲੀ ਲੋਕ ਏਸ ਖੜਾਕ ਨੂੰ ਸੁਨਣ ਗਿੱਝ ਗਏ ਤੇ ਸੁਭਾਵਕ ਸਮਝਣ ਲਗ ਪਏ।

ਇਕ ਦਿਨ ਬਾਦਸ਼ਾਹ ਘੋੜੇ ਵੇਖਣ ਆਇਆ। ਘੋੜਿਆਂ ਦੀ ਹੈਰਾਨ ਕਰਨ ਵਾਲੀ ਚੰਗੀ ਹਾਲਤ ਵੇਖ ਕੇ ਸ਼ਾਹ ਜਹਾਨ ਬੜਾ ਖ਼ੁਸ਼ ਹੋਇਆ। ਦਰੋਗ਼ੇ ਸੌਂਧੇ ਖ਼ਾਂ ਤੇ ਬਾਕੀ ਨੌਕਰਾਂ ਨੇ ਵੀ—ਘੋੜਿਆਂ ਦੇ ਸੇਵਾਦਾਰ—ਕਸੇਰੇ ਦੀ ਸੋਭਾ ਕੀਤੀ। ਬਾਦਸ਼ਾਹ ਨੇ ਖ਼ੁਸ਼ ਹੋ ਕੇ ਉਸ ਨੂੰ ਇਕ ਹਜ਼ਾਰ ਰੁਪਿਆ ਇਨਾਮ ਦਿੱਤਾ ਤੇ ਤਨਖ਼ਾਹ ਵਿਚ ਵਾਧਾ ਕਰ ਦਿੱਤਾ। ਬਿਧੀ ਚੰਦ ਨੂੰ ਜਿਹੜੀ ਤਨਖ਼ਾਹ

ਮਿਲਦੀ ਸੀ, ਉਹ ਸਾਰੀ ਸੌਂਧੇ ਖ਼ਾਂ ਕੋਲ ਅਮਾਨਤ ਰੱਖ ਛੱਡਦਾ ਸੀ। ਉਸ ਨੇ ਇਨਾਮ ਵਾਲਾ ਹਜ਼ਾਰ ਰੁਪਿਆ ਵੀ ਦਰੋਗ਼ੇ ਕੋਲ ਅਮਾਨਤ ਰੱਖ ਦਿੱਤਾ।

ਇਨਾਮ ਮਿਲਣ ਉੱਤੇ ਉਸ ਦੇ ਸਾਰੇ ਸਾਥੀ ਨੌਕਰਾਂ ਨੇ ਉਸ ਨੂੰ ਵਧਾਈ ਦਿੱਤੀ ਤੇ ਨਾਲੇ ਕੁਛ ਖੁਆਉਣ ਪਿਆਉਣ ਵਾਸਤੇ ਕਿਹਾ।

ਕਬਿੱਤ

ਸਾਥੀਆਂ ਨੇ ਰਲ ਮਿਲ ਆਖਿਆ ਕਸੇਰੇ ਤਾਈਂ
ਹੋਵੇ ਭਈ, ਮੁਬਾਰਕ ਇਨਾਮ ਚੰਗਾ ਪਾਇਆ ਹੈ
ਥੋੜੇ ਦਿਨ ਹੋਏ ਅਜੇ ਨੌਕਰੀ ਮਿਲੀ ਨੂੰ ਤੈਨੂੰ
ਅੱਜ ਤੇਰਾ ਸਾਰਿਆਂ ਤੋਂ ਰੁਤਬਾ ਸਵਾਇਆ ਹੈ
ਕਾਹਦੀ ਤੇਰੀ ਦੋਸਤੀ ਅਸਾਡੇ ਨਾਲ ਦੱਸ ਭਾਈ?
ਐਨਾ ਕੁਛ ਲੈ ਕੇ ਭਲਾ ਸਾਨੂੰ ਕੀ ਖੁਆਇਆ ਹੈ?
ਪੈਸੇ ਦਾ ਏਂ ਪੀਰ, ਬੱਸ ਜੋੜਨਾ ਈ ਜਾਣਦਾ ਏਂ
ਜਿਹੜਾ ਪੈਸਾ ਹੱਥ ਵਿਚ ਆਇਆ, ਸੋ ਦਬਾਇਆ ਹੈ

ਏਸ ਗੱਲ ਉੱਤੇ ਸਾਰਿਆਂ ਨੇ ਜ਼ੋਰ ਦਿੱਤਾ, ਕਿ ਕਸੇਰਾ ਜ਼ਰੂਰ ਕੁਛ ਖੁਆਏ ਪਿਆਏ। ਦਰੋਗ਼ੇ ਸੌਂਧੇ ਖਾਂ ਨੇ ਵੀ ਕਿਹਾ,"ਭਈ ਕਸੇਰਿਆ, ਝੈਨੂੰ ਐਨਾ ਕੰਜੂਸ ਨਹੀਂ ਬਣਨਾ ਚਾਹੀਦਾ। ਆਪਣੇ ਮਿੱਤਰਾਂ ਦੀ ਜ਼ਰੂਰ ਕੁਛ ਸੇਵਾ ਕਰਨੀ ਚਾਹੀਦੀ ਹੈ।"

ਭਾਈ ਬਿਧੀ ਚੰਦ (ਕਸੇਰਾ) ਨੇ ਅੱਗੋਂ ਬੜੀ ਮਿੱਠੀ ਬੋਲੀ ਵਿਚ ਉੱਤਰ ਦਿਤਾ :

ਬੈਂਤ

ਬਿਧੀ ਚੰਦ ਨੇ ਕਿਹਾ : ਜੋ ਕਹੋ ਮੂੰਹੋਂ
ਹਾਜ਼ਰ ਜਾਨ ਨਾ ਕਰਾਂ ਇਨਕਾਰ ਭਾਈ
ਜੇਕਰ ਕਹੋ, ਤਾਂ ਮਿੱਠੇ ਪਕਵਾਨ ਆਵਣ
ਰੰਗਾ ਰੰਗ ਦੇ ਕਈ ਪਰਕਾਰ ਭਾਈ
ਜੇਕਰ ਕਹੋ ਤਾਂ ਫਲਾਂ ਦੇ ਢੇਰ ਲਾਵਾਂ

ਮਿੱਠੇ, ਮਾਲਟੇ, ਸੇਉ, ਅਨਾਰ ਭਾਈ
ਜੇਕਰ ਚਾਹੋ, ਤਾਂ ਤਿੱਤਰ, ਬਟੇਰੇ, ਤਿਲੀਅਰ
ਕਰ ਲਓ ਆਪਣੇ ਹੱਥੀਂ ਤਿਆਰ ਭਾਈ
ਤੇ ਜੇ ਕਹੋ, ਤਾਂ ਐਸੀ ਸ਼ਰਾਬ ਆਵੇ
ਜੇਹੀ ਮਿਲੇ ਨਾ ਵਿਚ ਬਾਜ਼ਾਰ ਭਾਈ
ਬੋੱਲੀ ਸਿਰ ਨਹੀਂ ਰਖਣੀ ਸੱਜਣਾਂ ਦੀ
ਜੇਕਰ ਕਹੋ, ਸਭ ਕੁਛ ਦੇਵਾਂ ਵਾਰ ਭਾਈ
ਕਿਹੜੀ ਨਿੱਤ ਨਿੱਤ ਨੌਕਰੀ ਅਸਾਂ ਕਰਨੀ
ਕਿਹੜਾ ਜੰਮਣਾ ਏਂ ਵਾਰ ਵਾਰ ਭਾਈ
ਕਰਿਆ ਕਰੋਗੇ ਯਾਦ ਇਸ ਦਾਸ ਤਾਈਂ
ਪਿਛੋਂ ਬੈਠ ਕੇ ਵਿਚ ਪਰਵਾਰ ਭਾਈ

ਮਗਰਲੀ ਗੱਲ ਸਾਰਿਆਂ ਨੂੰ ਪਸੰਦ ਆਈ। ਉਹਨਾਂ ਕਿਹਾ,"ਭਾਈ ਕਸੇਰਾ! ਮਿਠਿਆਈ ਜਾਂ ਫਲ, ਇਹ ਤਾਂ ਪੰਡਤਾਂ ਦੇ ਮੰਦਰ ਤੇ ਪੁਜਾਰੀਆਂ ਦਾ ਖਾਣਾ ਹੈ। ਅਸੀਂ ਤਾਂ ਸ਼ਰਾਬ ਪੀਣੀ ਹੈ, ਪਰ ਪਹਿਲੇ ਤੋੜ ਦੀ ਹੋਵੇ। ਨਾਲੇ ਵੇਖੀਂ ਭਾਈ! ਜ਼ਰਾ ਖੁੱਲ੍ਹੇ ਜੇਰੇ ਨਾਲ ਲਿਆਵੀਂ। ਉਹ ਗੱਲ ਨਾ ਹੋਵੇ, ਪਈ ਨਾ ਨਕਾਲ ਅਗ੍ਹਾਂ ਨਾ ਪਿਛਾਂਹ।"

ਕੋਲੋਂ ਦਰੋਗ਼ੇ ਸੌਂਧੇ ਖ਼ਾਂ ਨੇ ਕਿਹਾ,'ਭਾਈ, ਗੋਸ਼ਤ ਤੋਂ ਬਿਨਾਂ ਸ਼ਰਾਬ ਰੰਡੀ ਹੁੰਦੀ ਹੈ। ਹੋਣ, ਤਾਂ ਦੋਵੇਂ ਚੀਜ਼ਾਂ। ਕਸੇਰਾ ਕਿਹੜਾ ਭੁੱਖਾ ਨੰਗਾ ਹੈ?"

ਬਿਧੀ ਚੰਦ ਨੇ ਕਿਹਾ, "ਸਰਕਾਰ! ਇਹ ਸਭ ਕੁਛ ਹੈ ਕੀਹਦਾ? ਜਿੰਨੀ ਮੰਗੋ, ਸ਼ਰਾਬ ਹਾਜ਼ਰ ਹੋ ਜਾਵੇਗੀ। ਪਰ ਮਾਸ ਦੀ ਗੱਲ ਜ਼ਰਾ ਔਖੀ ਹੈ। ਕਿਉਂਕਿ ਮੇਰੇ ਹੱਥਾਂ ਦਾ ਬਣਿਆਂ ਤੁਸਾਂ ਖਾਣਾ ਨਹੀਂ। ਜਾਂ ਤੁਸਾਂ ਵਿਚੋਂ ਕੋਈ ਸੱਜਣ ਆਪ ਖੇਚਲ ਕਰ ਲਵੋ। ਮੈਂ ਤਾਂ ਸ਼ਰਾਬ ਮਾਸ ਦੋਵੇਂ ਨਹੀਂ ਵਰਤਦਾ।"

ਮੁਕਦੀ ਗੱਲ : ਫ਼ੈਸਲਾ ਹੋ ਗਿਆ, ਕਿ ਖ਼ਰਚ ਕਸੇਰੇ ਦਾ ਹੋਵੇ, ਤੇ ਮਾਸ ਦਰੋਗ਼ੇ ਸੌਂਧੇ ਖਾਂ ਦੇ ਘਰ ਤਿਆਰ ਹੋਵੇ। ਪਰ ਸ਼ਰਾਬ ਕਸੇਰਾ ਆਪ ਹੀ ਲਿਆਵੇ, ਕੋਈ ਵਧੀਆ ਕਿਸਮ ਦੀ ਭਾਲ ਕੇ। ਰਾਤ ਨੂੰ ਕੋਈ ਘਰੋਂ ਰੋਟੀ ਨਾ ਖਾਵੇ, ਸਗੋਂ ਕਸੇਰੇ ਦਾ ਪ੍ਰੀਤੀ ਭੋਜਨ ਹੀ ਪਰਵਾਨ ਹੋਵੇ।

ਹਾਸੇ ਠੱਠੇ ਵਿਚ ਗੱਲਾਂ ਦਾ ਰੁਖ਼ ਹੋਰ ਪਾਸੇ ਬਦਲ ਗਿਆ।

ਬਿਧੀ ਚੰਦ ਨੇ ਪੁੱਛਿਆ,"ਇਹਨਾਂ ਘੋੜਿਆਂ ਉੱਤੇ ਬਾਦਸ਼ਾਹ ਕਦੇ ਚੜ੍ਹਦਾ ਵੀ ਹੈ, ਜਾਂ ਨਿਰੇ ਵੇਖਣ ਵਾਸਤੇ ਹੀ ਰਖੇ ਹੋਏ ਹਨ। ਤੇ ਕੀ ਇਹਨਾਂ ਦੀਆਂ ਕਾਠੀਆਂ ਵੀ ਹਨ?"

ਸਾਰੇ ਸੁਣ ਕੇ ਹੱਸ ਪਏ। ਇਕ ਨੇ ਕਿਹਾ,"ਕਸੇਰਿਆ! ਘੋੜੇ ਚੜ੍ਹਨ ਵਾਸਤੇ ਹੁੰਦੇ ਹਨ, ਨਿਰੇ ਵੇਖਣ ਵਾਸਤੇ ਨਹੀਂ। ਇਹਨਾਂ ਦੀਆਂ ਕਾਠੀਆਂ ਬੜੀਆਂ ਕੀਮਤੀ ਹਨ।"

ਬਿਧੀ ਚੰਦ ਨੇ ਭੋਲਾ ਜਿਹਾ ਮੂੰਹ ਬਣਾ ਕੇ ਕਿਹਾ,"ਕਾਠੀਆਂ ਹੋਣਗੀਆਂ ਸੌ ਸੌ ਰੁਪਈਏ ਦੀਆਂ?"

ਸਾਰੀ ਮੰਡਲੀ ਵਿਚ ਫੇਰ ਹਾਸਾ ਪੈ ਗਿਆ। ਇਕ ਨੇ ਕਿਹਾ, "ਭਲਿਆ ਮਾਣਸਾ! ਕਿਸੇ ਘਾਹ ਖੋਤਣ ਵਾਲੇ ਦੇ ਘੋੜਿਆਂ ਦੀਆਂ ਕਾਠੀਆਂ ਨਹੀਂ, ਬਾਦਸ਼ਾਹ ਸਲਾਮਤ ਦੇ ਘੋੜਿਆਂ ਦੀਆਂ ਹਨ। ਇਕ ਕਾਠੀ ਸਵਾ-ਸਵਾ ਲੱਖ ਰੁਪੈ ਦੀ ਹੈ।"

ਬਿਧੀ ਚੰਦ ਨੇ ਹੈਰਾਨੀ ਨਾਲ ਕਿਹਾ, "ਸਵਾ ਲੱਖ ਦੀ ਇਕ ? ਮੈਂ ਨਹੀਂ ਮੰਨਦਾ। ਇਕ ਕਾਠੀ ਉੱਤੇ ਸਵਾ ਲੱਖ ਦਾ ਚਮੜਾ; ਲੱਕੜ ਤੇ ਲੋਹਾ ਕਿਵੇਂ ਲੱਗ ਸਕਦਾ ਏ?"

ਸਾਰਿਆਂ ਦੀਆਂ ਹੱਸ ਹੱਸ ਕੇ ਵੱਖੀਆਂ ਟੁੱਟ ਗਈਆਂ। ਇਕ ਨੇ ਕਿਹਾ, "ਤੂੰ ਵੀ ਨਿਰਾ ਬੁੱਧੂ ਏਂ। ਲੱਕੜ ਚਮੜੇ ਦੀ ਕੀਮਤ ਸਵਾ ਲੱਖ ਨਹੀਂ, ਕਾਠੀਆਂ ਉੱਤੇ ਹੀਰੇ, ਲਾਲ, ਜਵਾਹਰ ਤੇ ਮੋਤੀ ਲਗੇ ਹੋਏ ਨੇ। ਤੂੰ ਤਾਂ ਕਦੇ ਜੰਮ ਸਿਰ ਨਹੀਂ ਵੇਖੇ ਹੋਣੇ।"

ਬਿਧੀ ਚੰਦ : "ਸਾਡੇ ਪਿੰਡ ਅਜੇਹੀ ਕਾਠੀ ਕਿਸੇ ਕੋਲ ਨਹੀਂ ਸੀ। ਤੇ ਨਾ ਹੀ ਮੈਂ ਅੱਜ ਤਕ ਕਦੇ ਅੱਗੇ ਹੀਰੇ, ਜਵਾਹਰ ਵੇਖੇ ਨੇ। ਜੇ ਮਿੱਤਰ ਹੋ, ਤਾਂ ਮੈਨੂੰ ਜ਼ਰੂਰ ਵਿਖਾਓ।"

ਘੋੜਿਆਂ ਦੇ ਸਾਮਾਨ ਦੇ ਰਾਖੇ ਨੇ ਕਿਹਾ, "ਅੱਛਾ, ਈਦ ਦੇ ਦਿਨ ਤੈਨੂੰ ਵਿਖਾਵਾਂਗੇ। ਓਸ ਦਿਨ ਬਾਦਸ਼ਾਹ ਇਹਨਾਂ 'ਤੇ ਚੜ੍ਹੇਗਾ।"

ਬਿਧੀ ਚੰਦ : "ਕੀ ਪਤਾ, ਓਸ ਦਿਨ ਤਕ ਕੌਣ ਜੀਵੇ, ਕੌਣ ਮਰੇ। ਏਥੇ

ਘੜੀ ਦਾ ਭਰਵਾਸਾ ਨਹੀਂ। ਸੱਜਣ ਜੇ, ਤਾਂ ਹੁਣੇ ਵਿਖਾਓ। ਨਹੀਂ ਤਾਂ ਮੈਨੂੰ ਰਾਤ ਨੂੰ ਨੀਂਦ ਨਹੀਂ ਜੇ ਆਉਣੀ। ਸਾਡੇ ਵਿਚੋਂ ਇਕ ਵੀ ਉਦਾਸ ਹੋਇਆ, ਤਾਂ ਰਾਤ ਦੀ ਮਹਿਫ਼ਲ ਦਾ ਸੁਆਦ ਨਹੀਂ ਆਉਣਾ।"

ਸਾਰਿਆਂ ਨੇ ਦਰੋਗੇ ਦੀ ਮਿੰਨਤ ਕੀਤੀ, ਤਾਂ ਉਹਨੇ ਸਾਮਾਨ ਦੇ ਰਾਖੇ ਨੂੰ ਕਹਿ ਕੇ ਕਾਠੀਆਂ ਵਿਖਾਈਆਂ। ਵੇਖ ਕੇ ਬਿਧੀ ਚੰਦ ਅਜੇਹੀਆਂ ਊਟ ਪਟਾਂਗ ਗੱਲਾਂ ਕਰਦਾ ਰਿਹਾ, ਜਿਸ ਕਰ ਕੇ ਸਾਰੇ ਉਸਨੂੰ ਅਸਲੋਂ ਸਾਧਾਰਨ ਆਦਮੀ ਸਮਝਦੇ ਰਹੇ। ਬਿਧੀ ਚੰਦ ਸਾਰੀ ਗੱਲ ਨੂੰ ਚੰਗੀ ਤਰ੍ਹਾਂ ਤਾੜਦਾ ਰਿਹਾ, ਕਿ ਕਾਠੀਆਂ ਕਿੱਥੇ ਰਖੀਆਂ ਨੇ ਤੇ ਕਮਰੇ ਦੀਆਂ ਚਾਬੀਆਂ ਕਿੱਥੇ ਨੇ।

ਉਡੀਕਦਿਆਂ ਉਡੀਕਦਿਆਂ ਰਾਤ ਪਈ। ਬਿਧੀ ਚੰਦ ਦੇ ਉਦਾਲੇ ਮਹਿਫ਼ਲ ਲੱਗ ਗਈ। ਸਾਰੇ ਦੇ ਸਾਰੇ ਨੀਯਤ ਥਾਂ 'ਤੇ ਕੱਠੇ ਹੋ ਗਏ। ਸੌਂਧੇ ਖ਼ਾਂ ਦੇ ਘਰੋਂ ਕਈ ਕਿਸਮ ਦਾ ਬਣਿਆ ਹੋਇਆ ਮਾਸ ਆ ਗਿਆ। ਬਿਧੀ ਚੰਦ ਨੇ ਵੀ ਬੋਤਲਾਂ ਦੀ ਪਾਲ ਲਾ ਦਿੱਤੀ। ਉਹ ਜੀਵਣ ਕੋਲੋਂ ਵੀਹ ਰੁਪੈ* ਲੈ ਕੇ ਬੜੀ ਤੇਜ਼ ਸ਼ਰਾਬ ਲਿਆਇਆ ਸੀ, ਜਿਸ ਵਿਚ ਸਾਧਾਰਨ ਸ਼ਰਾਬ ਨਾਲੋਂ ਦਸ ਗੁਣਾਂ ਨਸ਼ਾ ਹੈ ਸੀ। ਹੁਣ ਖਾਣਾ ਪੀਣਾ ਆਰੰਭ ਹੋ ਗਿਆ।

ਮਿਰਜ਼ਾ

ਹੋਈ ਸ਼ਾਮ ਤਾਂ ਤਬੇਲੇ ਦਿਆਂ ਨੌਕਰਾਂ
ਘੇਰਾ ਲਿਆ ਬਿਧੀ ਚੰਦ ਤਾਈਂ ਪਾ
ਰੰਗਾ ਰੰਗ ਦੀਆਂ ਕਢ ਕੇ ਬੋਤਲਾਂ
ਓਸ ਮਹਿਫ਼ਲ 'ਚ ਦਿਤੀਆਂ ਟਿਕਾ
ਓਧਰ ਤਿੱਤਰ, ਕਬਾਬ, ਕੀਮਾ, ਕੋਫ਼ਤੇ
ਕਈਆਂ ਵੰਨੀਆਂ ਦਾ ਮਾਸ ਗਿਆ ਆ

---

*ਉਸ ਵੇਲੇ ਰੁਪੈ ਦੀ ਕੀਮਤ ਅੱਜ ਦੇ ਰੁਪੈ ਨਾਲੋਂ ਕਈ ਗੁਣਾਂ ਵੱਧ ਸੀ। ਜਿਵੇਂ: ਓਦੋਂ ਇਕ ਰੁਪੈ ਦਾ ਅੱਠ ਸੇਰ ਘਿਓ ਮਿਲਦਾ ਸੀ ਤੇ ਅਜ ਇਕ ਸੇਰ ਦਾ ਮੁੱਲ ਘੱਟ ਤੋਂ ਘੱਟ ਵੀਹ ਰੁਪੈ।(ਹੁਣ ਸਵਾ ਸੌ ਰੁਪੈ)

ਆਪੋ ਆਪ ਭਾਂਡਿਆਂ 'ਚ ਹੱਥੀਂ ਆਪਣੀ
ਮਨ ਆਇਆ ਲਿਆ ਸਾਰਿਆਂ ਨੇ ਪਾ
ਡੱਟ ਖੋਲ੍ਹ ਫੇਰ ਕਿਹੋ ਨੇ ਕਸੇਰਿਆ
'ਇਹ ਭਈ, ਆਪਣੇ ਹੱਥੀਂ ਵਰਤਾਂ'
ਪਹਿਲਾ ਜਾਮ* ਓਸ ਦਿਤਾ ਸੌਂਧੇ ਖ਼ਾਨ ਨੂੰ
ਚਾੜ੍ਹ ਲਿਆ ਓਸ ਕਹਿ ਕੇ 'ਯਾ ਖ਼ੁਦਾ'
ਥੋੜੀ ਥੋੜੀ ਵਰਤਾਈ ਫੇਰ ਕੁੱਲ ਨੂੰ
ਨਸ਼ਾ ਗਿਆ ਜਦ ਸਾਰਿਆਂ ਨੂੰ ਆ
ਫੇਰ ਲੱਗਾ ਵਰਤਾਉਣ ਭਰ ਭਰ ਕੇ
ਦਿਤਾ ਸਾਰਿਆਂ ਨੂੰ ਜੰਨਤ** ਪੁਚਾਂ
ਬੱਸ 'ਹੂਰਾਂ' ਤੇ 'ਤਹੂਰਾ'+ ਯਾਦ ਰਹਿ ਗਈਆਂ
ਰਹੀ ਹੋਸ਼ ਨਾ ਜਹਾਨ ਦੀ ਕਾ
ਪੁੱਜੀ ਮਨ ਦੀ ਮੁਰਾਦ ਜਦ 'ਸੀਤਲਾ'
ਉਠੇ ਬਿਧੀ ਚੰਦ ਵਾਹਿਗੁਰੂ ਧਿਆ

ਸਾਰੀ ਢਾਣੀ ਸ਼ਰਾਬ ਨਾਲ ਬੇਹੋਸ਼ ਹੋ ਗਈ। ਉਹਨਾਂ ਨੂੰ ਦੀਨ ਦੁਨੀਆਂ ਦੀ ਸੋਝੀ ਤਕ ਨਾ ਰਹੀ। ਬਿਧੀ ਚੰਦ ਜੇਹੋ ਜੇਹਾ ਸਮਾਂ ਚਾਹੁੰਦਾ ਸੀ, ਕੁਦਰਤ ਨੇ ਬਣਾਂ ਦਿੱਤਾ। ਇਸ ਵੇਲੇ ਤਕ ਅੱਧੀ ਰਾਤ ਚਲੀ ਗਈ ਸੀ। ਉਹਨੇ ਸਾਰੇ ਨੌਕਰਾਂ ਚਾਕਰਾਂ ਨੂੰ—ਸਣੇ ਸੌਂਧੇ ਖ਼ਾਂ ਦਰੋਗੇ ਦੇ—ਇਕ ਅੰਦਰ ਦੇ ਕੇ ਬਾਹਰੋਂ ਜੰਦਰਾ ਮਾਰ ਦਿੱਤਾ। ਬਾਕੀ ਵੀ ਜਿੰਨ੍ਹਾਂ ਜਿੰਨ੍ਹਾਂ ਬਾਰਕਾਂ ਦਾ—ਚਾਰਾ ਲੱਗਾ—ਜੰਦਰੇ ਮਾਰ ਕੇ ਕੁੰਜੀਆਂ ਲੈ ਲਈਆਂ। ਸਭ ਪਹਿਰੇਦਾਰ ਸ਼ਰਾਬੀ ਹੋਏ ਪਏ ਸਨ। ਫਿਰ ਕਾਠੀਆਂ ਦੇ ਰਾਖੇ ਦੀ ਜੇਬ ਵਿਚੋਂ ਕੁੰਜੀ ਕੱਢੀ, ਬੂਹਾ ਲਾਹਿਆ

---

* ਪਿਆਲਾ, ਪੈੱਗ।

** ਬਹਿਸ਼ਤ, ਸੁਰਗ।

\+ ਜਿਹੜੀ ਸ਼ਰਾਬ ਮੁਸਲਮਾਨਾਂ ਨੂੰ ਬਹਿਸ਼ਤ ਵਿਚ ਮਿਲੇਗੀ, ਉਸ ਨੂੰ 'ਤਹੂਰਾ' ਆਖਦੇ ਹਨ। ਮੁਸਲਮਾਨਾਂ ਦਾ ਭਰੋਸਾ ਹੈ, ਬਹਿਸ਼ਤ ਵਿਚ ਜਾਣ ਵਾਲਿਆਂ ਨੂੰ ਸੱਤਰ ਸੱਤਰ ਹੂਰਾਂ ਤੇ ਤਹੂਰਾ ਸ਼ਰਾਬ ਮਿਲੇਗੀ।

ਤੇ ਇਕ ਸਵਾ-ਲੱਖੀ ਕਾਠੀ ਕੱਢੀ। ਉਹ ਦਿਲਬਾਗ਼ ਉੱਤੇ ਕੱਸੀ ਤੇ ਉਪਰ ਚੜ੍ਹਨ ਤੋਂ ਪਹਿਲਾਂ ਅਰਦਾਸ ਕੀਤੀ: 'ਹੇ ਸੱਚੇ ਪਾਤਸ਼ਾਹ! ਆਪ ਜੀ ਦੇ ਘੋੜੇ ਉੱਤੇ ਇਹ ਦਾਸ ਚੜ੍ਹਨ ਲੱਗਾ ਹੈ, ਅਵੱਗਿਆ ਮਾਫ਼ ਕਰਨੀ। ਇਸ ਤੋਂ ਬਿਨਾਂ ਹੋਰ ਚਾਰਾ ਕੋਈ ਨਹੀਂ।' ਉਹ ਸਤਿਗੁਰੂ ਦੀ ਓਟ ਰੱਖ ਕੇ ਘੋੜੇ 'ਤੇ ਚੜ੍ਹਿਆ ਤੇ ਕੰਧ ਉਤਦੀ ਟਪੱਾ ਕੇ ਲੈ ਗਿਆ।

ਸਾਕਾ

ਸਵਾ ਲੱਖ ਦਾ ਜ਼ੀਨ ਕਢ ਘੋੜੇ 'ਤੇ ਪਾਵੇ
ਕਰ ਅਰਦਾਸਾ ਬਿਧੀ ਚੰਦ ਫਿਰ ਸੀਸ ਝੁਕਾਵੇ
ਘੋੜੇ 'ਤੇ ਚੜ੍ਹ ਫੇਰ ਕੇ ਫਿਰ ਚਾਬਕ ਲਾਵੇ
ਘੋੜਾ ਉਡਿਆ ਪੌਣ ਵਾਂਗ ਟੱਪ ਕੰਧਾਂ ਜਾਵੇ
ਲੰਘ ਦਰਿਆਓਂ ਬਿਧੀ ਚੰਦ ਫਿਰ ਵਾਗ ਭੁਹਾਵੇ
ਕੋਲ ਗੁਰਾਂ ਜਾ ਪਹੁੰਚਿਆ ਹੱਥ ਚਰਨੀ ਲਾਵੇ

ਕਿਲ੍ਹੇ ਦੀ ਕੰਧ ਬਿਧੀ ਚੰਦ ਦੀ ਪਹਿਲਾਂ ਹੀ ਤਕਾਈ ਹੋਈ ਸੀ, ਕਿ ਕਿੱਥੋਂ-ਕੁ ਘੋੜਾ ਟੱਪ ਸਕਦਾ ਹੈ। ਸੋ ਮੈਦਾਨ ਵਿਚ ਘੋੜੇ ਨੂੰ ਫੇਰ ਕੇ ਜ਼ੋਰ ਦੀ ਚਾਬਕ ਮਾਰਿਆ। ਜਿਸ ਨੂੰ ਕਦੇ ਫੁੱਲ ਦੀ ਨਹੀਂ ਲੱਗੀ ਸੀ, ਚਾਬਕ ਖਾ ਕੇ ਉਹ ਪੌਣ ਵਾਂਗ ਉਡਿਆ। ਬਿਧੀ ਚੰਦ ਨੇ ਵਾਗ ਚੁਕੀ ਤੇ ਘੋੜਾ ਕਿਲ੍ਹੇ ਦੀ ਕੰਧੋਂ ਦਰਿਆ ਰਾਵੀ ਵਿਚ । ਬਿਧੀ ਚੰਦ ਨੇ ਕੁੰਜੀਆਂ ਦਰਿਆ ਵਿਚ ਸੁੱਟ ਦਿਤੀਆਂ ਤੇ ਆਪ ਵਾਗ ਸੰਭਾਲ ਕੇ ਦਰਿਆਓਂ ਪਾਰ ਹੋ ਗਿਆ। ਓਥੋਂ ਚੜ੍ਹਦੇ ਪਾਸੇ ਨੂੰ ਕੁਛ ਦੂਰ ਜਾ ਕੇ ਉਹ ਦੂਜੀ ਵਾਰ ਰਾਵੀ ਟੱਪਿਆ। ਮਾਝੇ ਵਿਚ ਦੀ ਲੰਘ ਕੇ ਉਹ ਹਰੀਕੇ ਪੱਤਣ ਤੋਂ ਸਤਲੁਜ ਲੰਘਿਆ ਤੇ ਸਿੱਧਾ ਭਾਈ ਰੂਪੇ ਨੂੰ ਹੋ ਪਿਆ। ਦੋ ਕੋਹ ਦੂਰ ਹੀ ਉਹ ਘੋੜੇ ਤੋਂ ਉਤਰ ਬੈਠਾ ਤੇ ਗੁਰੂ ਮਹਾਰਾਜ ਦਾ ਜੱਸ ਗਾਉਂਦਾ ਹਜ਼ੂਰ ਦੇ ਚਰਨਾਂ 'ਤੇ ਜਾ ਢੱਠਾ। ਗੁਰੂ ਮਹਾਰਾਜ ਨੇ ਚੁਕਕੇ ਛਾਤੀ ਨਾਲ ਲਾ ਲਿਆ। ਘੋੜਾ ਵੇਖ ਕੇ ਹਜ਼ੂਰ ਬਹੁਤ ਪਰਸੰਨ ਹੋਏ। ਉਸ ਦਾ ਨਾਮ ਆਪ ਨੇ ਦਿਲਬਾਗ਼ ਦੀ ਥਾਂ 'ਜਾਨ ਭਾਈ' ਰਖਿਆ। ਘੋੜੇ ਦੀ ਸੇਵਾ ਮਹਾਰਾਜ ਨੇ ਭਾਈ ਜੇਠੇ ਨੂੰ ਬਖ਼ਸ਼ੀ।

ਦੋਵੇਂ ਘੋੜੇ ਹਰ ਵੇਲੇ ਕੱਠੇ ਰਹਿੰਦੇ ਸਨ। ਉਹ ਅੱਡੋ ਅੱਡ ਹੋਏ, ਤਾਂ ਦੋਵੇਂ ਓਦਰ ਗਏ। 'ਜਾਨ ਭਾਈ' ਨੇ ਨਿਹਾਰੀ ਖਾਣੀ ਛੱਡ ਦਿਤੀ। ਹਰ ਵੇਲੇ ਉਹਦੇ ਨੇਤਰਾਂ 'ਚੋਂ ਪਾਣੀ ਜਾਂਦਾ ਰਹਿੰਦਾ। ਸਿੱਖਾਂ ਨੇ ਬੇਨਤੀ ਕੀਤੀ,"ਮਹਾਰਾਜ! ਘੋੜੇ ਇਕ ਦੂਜੇ ਦਾ ਵਿਛੋੜਾ ਸਹਾਰਨ ਤੋਂ ਅਸਮਰਥ ਹਨ। ਭਾਈ ਬਿਧੀ ਚੰਦ ਨੂੰ ਹੁਕਮ ਦਿਹੋ, ਕਿ ਇਹ ਦੋਹਾਂ ਦਾ ਮਿਲਾਪ ਕਰਾ ਦੇਣ। ਇਹਨਾਂ ਤੋਂ ਬਿਨਾਂ ਹੋਰ ਕੋਈ ਇਹ ਕੰਮ ਨਹੀਂ ਕਰ ਸਕਦਾ।"

ਗੁਰੂ ਜੀ ਨੇ ਕਿਰਪਾ ਦ੍ਰਿਸ਼ਟੀ ਨਾਲ ਭਾਈ ਬਿਧੀ ਚੰਦ ਵੱਲ ਵੇਖਿਆ। ਬਿਧੀ ਚੰਦ ਹਜ਼ੂਰ ਦਾ ਭਾਵ ਸਮਝ ਗਿਆ। ਉਹਨੇ ਗਲ ਵਿੱਚ ਪੱਲਾ ਪਾ ਕੇ ਇਉਂ ਬੇਨਤੀ ਕੀਤੀ :

ਬੈਂਤ

ਹੱਥ ਬੰਨ੍ਹ ਕੇ ਬਿਧੀ ਚੰਦ ਅਰਜ਼ ਕੀਤੀ
ਹੋਵੇ ਹੁਕਮ, ਲਾਹੌਰ ਨੂੰ ਜਾਵਾਂਗਾ ਮੈਂ
ਸਿਰ 'ਤੇ ਚਾਹੀਦਾ ਹੱਥ ਹਜ਼ੂਰ ਦਾ ਏ
ਘੋੜਾ ਦੂਜਾ ਵੀ ਕਢ ਲਿਆਵਾਂਗਾ ਮੈਂ
ਦੋਵੇਂ ਵਿਛੜੇ ਵੀਰ ਮਿਲਾਂ ਦਿਆਂਗਾ
ਬਹੁਤਾ ਐਦਕੀਂ ਚਿਰ ਨਾ ਲਾਵਾਂਗਾ ਮੈਂ
ਬਣ ਕੇ ਘਾਹੀ ਪਹਿਲਾ ਤਾਂ ਮੈਂ ਲੈ ਆਇਆਂ
ਹੁਣ ਕੋਈ ਨਵੀਂ ਹੀ ਜੁਗਤ ਬਣਾਵਾਂਗਾ ਮੈਂ
ਬਦਲਾਂ ਰੂਪ, ਜੋ ਕੋਈ ਨਾ ਪਛਾਣ ਸੱਕੇ
ਘੱਟਾ ਵੈਰੀਆਂ ਦੀ ਅੱਖੀਂ ਪਾਵਾਂਗਾ ਮੈਂ
ਅੰਗ ਸੰਗ ਹੋ ਗੁਰੂ ਜੀ! ਪੈਜ ਰੱਖਣੀ
ਦਿਨੇ ਰਾਤ ਜੱਸ ਆਪਦਾ ਗਾਵਾਂਗਾ ਮੈਂ

ਬਿਧੀ ਚੰਦ ਦੀ ਦਲੇਰੀ ਉੱਤੇ ਸਾਰੀ ਸੰਗਤ ਵਾਹ ਵਾਹ ਕਰ ਉਠੀ। ਇਹ ਥੋੜ੍ਹਾ ਹੌਸਲਾ ਨਹੀਂ ਸੀ, ਕਿ ਫੇਰ ਓਸੇ ਕਿਲ੍ਹੇ ਵੱਲ ਹੋ ਤੁਰਨਾ, ਜਿੱਥੇ ਉਸ ਦੀ (ਘਾਹੀ ਕਸੇਰ ਦੀ) ਸਰਕਾਰੀ ਕਰਮਚਾਰੀਆਂ ਵੱਲੋਂ ਭਾਲ ਹੋ ਰਹੀ ਹੋਵੇਗੀ।

ਹਜ਼ੂਰ ਵੀ ਬੜੇ ਪਰਸੰਨ ਹੋਏ। ਆਪ ਨੇ ਬਿਧੀ ਚੰਦ ਨੂੰ ਥਾਪੜਾ ਦਿੱਤੀ ਤੇ ਕਿਹਾ, "ਸਿੱਖਾ ! ਗੁਰੂ ਸਦਾ ਤੇਰੇ ਅੰਗ ਸੰਗ ਹੋਵੇਗਾ।"

ਨਵੀਆਂ ਵਿਉਂਤਾਂ ਸੋਚਦਾ ਬਿਧੀ ਚੰਦ ਚੌਥੇ ਦਿਨ ਲਾਹੌਰ ਆ ਪੁੱਜਾ। ਐਦਕੀਂ ਉਹ ਇਕ ਹੋਰ ਸਿੱਖ ਦੇ ਘਰ ਆਕੇ ਉਤਰਿਆ। ਇਹ 'ਬਹੋੜਾ'* ਨਾਮ ਦਾ ਖੱਤਰੀ ਸਿੱਖ ਸੀ, ਜੋ ਬਜਾਜ਼ੀ ਦਾ ਕੰਮ ਕਰਦਾ ਸੀ। ਬਿਧੀ ਚੰਦ ਨੇ ਭਾਈ ਬਹੋੜੇ ਨੂੰ ਆਪਣੇ ਆਉਣ ਦਾ ਕਾਰਨ ਦੱਸਿਆ। ਉਹ ਸੁਣ ਕੇ ਕੰਬ ਉਠਿਆ, ਪਰ ਉਹਨੂੰ ਗੁਰੂ 'ਤੇ ਭਰੋਸਾ ਸੀ। ਸੋ ਦੋਹਾਂ ਨੇ ਮਿਲ ਕੇ ਮਹਾਰਾਜ ਅੱਗੇ ਅਰਦਾਸ ਕੀਤੀ। ਬਿਧੀ ਚੰਦ ਨੇ ਕਿਹਾ, "ਭਾਈ ਬਹੋੜਾ ਜੀ ! ਮੈਨੂੰ ਕੁਛ ਲੋੜੀਂਦਾ ਸਾਮਾਨ ਚਾਹੀਦਾ ਏ: ਵਧੀਆ ਕੱਪੜੇ ਤੇ ਤਿੰਨ ਚੋਗੇ—ਇਕ ਗਿੱਟਿਆਂ ਤੀਕ, ਇਕ ਗੋਡਿਆਂ ਤੀਕ, ਇਕ ਉਸ ਤੋਂ ਵੀ ਛੋਟਾ—ਇਕ ਨਜੂਮੀਆਂ ਵਾਲੀ ਸੰਗਲੀ, ਪੱਤਰੀ, ਸੁੱਟਣ ਵਾਲੇ ਡਲ+, ਤੀਹ ਗਜ਼ ਦੀ ਵਧੀਆ ਮਲਮਲ ਦੀ ਪੱਗ, ਤਿੰਨ ਗਜ਼ ਦਾ ਦੁਪੱਟਾ ਤੇ ਇਕ ਵਧੀਆ ਜੁੱਤੀ। ਦਿਨ ਚੜ੍ਹਦੇ ਨੂੰ ਇਹ ਸਾਰੀਆਂ ਚੀਜ਼ਾਂ ਤਿਆਰ ਹੋਣ।"

ਰਾਹ ਦਾ ਥੱਕਿਆ ਹੋਇਆ ਬਿਧੀ ਚੰਦ ਸੌਂ ਗਿਆ। ਉਹ ਸਵੇਰੇ ਉਠਿਆ, ਤਾਂ ਸਭ ਸਾਮਾਨ ਤਿਆਰ ਸੀ। ਉਹਨੇ ਸਭ ਤੋਂ ਲੰਬਾ ਚੋਗਾ ਥੱਲੇ, ਉਸ ਤੋਂ ਉਪਰ ਦਰਮਿਆਨਾ ਤੇ ਸਾਰਿਆਂ ਤੋਂ ਉੱਤੇ ਸਭ ਨਾਲੋਂ ਛੋਟਾ ਪਹਿਨਿਆ। ਤੀਹ ਗਜ਼ ਦੀ ਪੱਗ ਟੋਕਰੇ ਵਾਂਗ ਖਿਲਾਰ ਕੇ ਬੰਨ੍ਹ ਲਈ, ਦਾੜ੍ਹੀ ਅੱਧੀ ਓਧਰ ਤੇ ਅੱਧੀ ਓਧਰ ਕਰ ਕੇ ਮਾਰਵਾੜੀਆਂ ਵਾਂਗ ਉਤਾਂਹ ਚੜ੍ਹਾੱ ਕੇ ਬੱਧੀ ਤੇ ਮੋਢਿਆਂ ਉੱਤੇ ਏਸ ਢੰਗ ਨਾਲ ਸਾਫ਼ਾ ਸੁਟਿਆ, ਜੋ ਦੋਹੀਂ ਪਾਸੀਂ ਗਿਟਿਆਂ ਤਕ ਅਪੜ ਪਿਆ। ਖੱਬੇ ਹੱਥ ਪੱਤਰੀ ਤੇ 'ਡਲ' ਫੜ ਲਏ ਤੇ ਸੱਜੇ ਹੱਥ ਲੰਮੀ ਸੰਗਲੀ। ਏਸ ਰੂਪ ਵਿਚ ਬਿਧੀ ਚੰਦ ਨੂੰ ਵੇਖ ਕੇ ਭਾਈ ਬਹੋੜਾ ਹੈਰਾਨ ਰਹਿ ਗਿਆ। ਉਹ ਆਪ ਵੀ ਛੇਤੀ ਪਛਾਣ ਨਾ ਸਕਿਆ। ਇਹ ਨਵਾਂ ਸਾਂਗ ਧਾਰ ਕੇ ਬਿਧੀ ਚੰਦ ਬਜ਼ਾਰ ਵਿਚ ਨਿਕਲਿਆ ਤੇ ਇਉਂ ਹੋਕਾ ਦੇਣ ਲੱਗਾ :

* ਗੁਰ ਬਿਲਾਸ, ਪਾਤਸ਼ਾਹੀ ੬, ਪੰਨਾ ੬੩੩

\+ ਨਜੂਮੀਆਂ ਕੋਲ-ਤਾਂਬੇ ਦੇ, ਪਿੱਤਲ ਦੇ, ਜਾਂ ਪੱਥਰ ਦੇ ਬਣੇ ਲੰਮੇ ਰੁਖ ਦੇ ਚੌਰਸ 'ਡਲ' ਹੁੰਦੇ ਹਨ, ਜਿਨ੍ਹਾਂ ਉੱਤੇ ਵੱਖੋ ਵੱਖ ਨਸ਼ਾਨ ਲੱਗੇ ਹੁੰਦੇ ਹਨ। ਉਹਨਾਂ ਨੂੰ ਥੱਲੇ ਸੁੱਟ ਕੇ ਉਪਰ ਆਏ ਨਸ਼ਾਨਾਂ ਦਾ ਹਿਸਾਬ ਕੀਤਾ ਜਾਂਦਾ ਹੈ।

ਕਲੀ

ਹੋਕਾ ਦੇਂਦਾ ਫਿਰਦਾ ਅੰਦਰ ਗਲੀ ਬਜ਼ਾਰ ਦੇ
ਜੇ ਕੋਈ ਪੁੱਛੇ, ਗੱਲਾਂ ਦਿਲ ਦੀਆਂ ਖੋਹਲ ਸੁਣਾਵਾਂ
ਸੁੱਟਾਂ ਸੰਗਲੀ, ਸਗਨ ਮਨਾਵਾਂ, ਪੱਤਰੀ ਵਾਚ ਕੇ
ਤਿੰਨਾਂ ਜੁੱਗਾਂ ਦੀ ਪਲ ਅੰਦਰ ਖ਼ਬਰ ਲਿਆਵਾਂ
ਬੁੱਝਾਂ ਘਟ ਘਟ ਦੀ ਮੈਂ ਜਾਣਾ ਅਕਾਸ਼ ਪਤਾਲ ਦੀ
ਜੋ ਕੁਛ ਪਰਸੋਂ ਹੋਣਾ ਹੋਵੇ, ਅੱਜ ਬਤਲਾਵਾਂ
ਜਿਸ ਨੂੰ ਲੱਗਾ ਰੋਗ ਨਾ ਲੱਥਾ ਵੈਦ ਹਕੀਮਾਂ ਤੋਂ
ਮੰਤਰ ਪੜ੍ਹ ਕੇ ਫੂਕਾਂ ਮਾਰਾਂ, ਰੋਗ ਉਡਾਵਾਂ
ਕਿਸੇ ਦੁਖੀ ਨੂੰ ਹੋਵਣ ਭੂਤ ਚੜੇਲਾਂ ਚੰਬੜੀਆਂ
ਧੂਣੀ ਦੇਵਾਂ, ਧਾਗਾ ਕਰ ਕੇ ਗਲ ਵਿਚ ਪਾਵਾਂ
ਜਿਸ ਘਰ ਨਿੱਤ ਲੜਾਈ ਝਗੜਾ ਰਹਿੰਦਾ ਹੋਵੇ ਭਈ
ਤੱਕਲਾ ਸੇਹ ਦਾ ਗੱਡਿਆ ਹੋਇਆ ਕੱਢ ਵਿਖਾਵਾਂ
ਹੋਵਣ ਪਏ ਤਵੀਤ, ਮਸਾਣ ਜੇ ਕਿਸੇ ਨਿਕਰਮਣ ਨੂੰ
ਸੱਤਾਂ ਖੂਹਾਂ ਦਾ ਜਲ ਮੰਤਰ ਉਨੂੰ ਨੁਹਾਵਾਂ
ਜਿਸ ਦਾ ਗਿਆ ਕੋਈ ਪਰਦੇਸ, ਨਾ ਹੋਵੇ ਬਹੁੜਦਾ
ਬੰਨ੍ਹ ਤਵੀਤ ਮੈਂ ਪੁੱਠਾ ਚਰਖਾ ਰੋਜ਼ ਘੁਮਾਵਾਂ
ਉਘ ਸੁਘ ਨਿਕਲੇ ਨਾ ਕੋਈ ਜੇਹੜੀ ਚੀਜ਼ ਗੁਆਚੀ ਦੀ
ਭੈਰੋਂ, ਕਾਲੀ ਨੂੰ ਘਲ, ਅਗਸ਼ੋਂ ਲਭ ਲਿਆਵਾਂ
ਭਾਗਾਂ ਨਾਲ ਨਜੂਮੀ ਸ਼ਹਿਰ ਤੁਹਾਡੇ ਆ ਗਿਆ
ਪੁਛਣਾ ਦੇਵਾਂ 'ਸੀਤਲ' ਹੱਥੀਂ ਸਰ੍ਹੋਂ ਜਮਾਵਾਂ

ਇਹ ਹੋਕਾ ਦੇਂਦਾ ਦੇਂਦਾ ਬਿਧੀ ਚੰਦ ਕਿਲ੍ਹੇ ਦੇ ਬੂਹੇ ਅੱਗੇ ਜਾ ਪੁੱਜਾ। ਇਕ ਨੌਕਰ ਨੇ ਹੋਕਾ ਸੁਣ ਕੇ ਦਰੋਗਾ ਸੌਂਧਾ ਖ਼ਾਂ ਨੂੰ ਜਾ ਦੱਸਿਆ, ਕਿ ਪੁਛਣਾ ਦੇਣ ਵਾਲਾ ਇਕ ਨਜੂਮੀ ਆਇਆ ਹੈ। ਜਿਸ ਦਿਨ ਦਾ ਘੋੜਾ ਗਿਆ ਸੀ, ਬਾਦਸ਼ਾਹ ਨੇ ਸਾਰੇ ਨੌਕਰਾਂ ਦੇ ਭਾੱ ਦੀ ਸ਼ਾਮਤ ਲਿਆ ਛੱਡੀ ਸੀ। ਨਜੂਮੀ ਦੀ ਖ਼ਬਰ ਸੁਣ ਕੇ ਸੌਂਧੇ ਖ਼ਾਂ ਬਾਹਰ ਆਇਆ। ਬਿਧੀ ਚੰਦ ਨੂੰ ਵੇਖ ਕੇ ਉਹ ਪਛਾਣ

ਨਾ ਸਕਿਆ। ਉਹਨੇ ਪੁੱਛਿਆ, "ਨਜੂਮੀ ! ਕੀ ਤੂੰ ਕਿਸੇ ਗੁਆਚੀ ਚੀਜ਼ ਦਾ ਪਤਾ ਦੱਸ ਸਕਦਾ ਏਂ ?"

ਨਜੂਮੀ :- "ਕਿਉਂ ਨਹੀਂ। ਜੇ ਦੱਛਣਾ ਪੂਰੀ ਮਿਲ ਜਾਏ, ਤਾਂ ਪੂਰਾ ਪੂਰਾ ਪਤਾ ਦੱਸ ਸਕਦੇ ਆਂ। ਭਗਵਾਨ ਦੀ ਕਿਰਪਾ ਨਾਲ 'ਬੀਰ' ਸਿੱਧ ਕੀਤੇ ਹੋਏ ਨੇ।"

ਸੌਂਧੇ ਖ਼ਾਂ :-"ਤੈਨੂੰ ਪਤਾ ਹੈ, ਕਿ ਬਾਦਸ਼ਾਹ ਸਲਾਮਤ ਦਾ ਘੋੜਾ ਚੋਰੀ ਹੋ ਗਿਆ ਹੈ?"

ਨਜੂਮੀ :- "ਹਾਂ, ਢੰਡੋਰਾ ਸੁਣਿਆ ਹੈ।"

ਸੌਂਧੇ ਖ਼ਾਂ :-"ਜੇ ਤੂੰ ਪਤਾ ਲਾ ਸਕੇਂ, ਤਾਂ ਚਾਰ ਲੱਖ ਰੁਪੈ ਇਨਾਮ ਮਿਲੇਗਾ।"

ਨਜੂਮੀ :-"ਬਾਦਸ਼ਾਹ ਸਲਾਮਤ ਦਾ ਹੁਕਮ ਹੋਵੇ, ਤਾਂ ਵਿੱਦਿਆ ਦਾ ਗੁਣ ਪਰਗਟ ਕੀਤਾ ਜਾ ਸਕਦਾ ਹੈ।"

ਇਹ ਗੱਲਾਂ ਸੁਣ ਕੇ ਸੌਂਧੇ ਖ਼ਾਂ, ਬਾਦਸ਼ਾਹ ਕੋਲ ਗਿਆ ਤੇ ਫਿਰ ਉਸ ਦੀ ਆਗਿਆ ਨਾਲ ਨਜੂਮੀ ਨੂੰ ਬਾਦਸ਼ਾਹ ਦੇ ਪੇਸ਼ ਜਾ ਕੀਤਾ । ਬਾਦਸ਼ਾਹ ਨੇ ਸਿਰ ਤੋਂ ਪੈਰਾਂ ਤਕ ਬਿਧੀ ਚੰਦ ਨੂੰ ਵੇਖਿਆ, ਤੇ ਪੁੱਛਿਆ,"ਨਜੂਮੀ ! ਤੂੰ ਘੋੜੇ ਦਾ ਪਤਾ ਲਾ ਸਕਦਾ ਏਂ?"

ਬਿਧੀ ਚੰਦ ਨੇ ਬੜੇ ਅਦਬ ਨਾਲ ਬਾਦਸ਼ਾਹ ਨੂੰ ਨਮਸ਼ਕਾਰ ਕੀਤੀ।

ਜੰਗਲਾ

ਕਹੇ ਨਜੂਮੀ :- ਸ਼ਾਹਿ ਸਲਾਮਤ, ਝੂਠ ਨਾ ਕਦੇ ਸੁਣਾਵਾਂ
ਜੋ ਕੁਛ ਦੱਸਿਆ ਮੁਰਸ਼ਦ ਮੇਰੇ, ਪੱਤਰੀ ਵਾਚ ਬਤਾਵਾਂ
ਕਿੱਥੇ ਘੋੜਾ ? ਕੌਣ ਲੈ ਗਿਆ? ਪੂਰੇ ਟੇਵੇ ਲਾਵਾਂ
ਨਾਮ ਟਿਕਾਣਾ ਦੱਸ ਚੋਰ ਦਾ, ਮੂੰਹ ਮੰਗਿਆ ਫਲ ਪਾਵਾਂ

ਬਾਦਸ਼ਾਹ ਨੇ ਕਿਹਾ,"ਤੂੰ ਪੂਰਾ-ਪੂਰਾ ਪਤਾ ਦੇ ਸੱਕੇਂ, ਤਾਂ ਚਾਰ ਲੱਖ ਇਨਾਮ ਮਿਲੇਗਾ, ਪਰ ਜੇ ਤੂੰ ਨਿਰਾ ਗੱਪੀ ਹੀ ਨਿਕਲਿਓਂ, ਤਾਂ ਕੌਡੀ ਨਹੀਂ ਮਿਲੇਗੀ, ਸਗੋਂ ਸਰਕਾਰ ਦੇ ਗੁੱਸੇ ਦਾ ਭਾਗੀ ਬਣੇਂਗਾ।"

ਬਿਧੀ ਚੰਦ ਨੇ ਬੜੀ ਅਦੱਾ ਨਾਲ ਸਿਰ ਝੁਕਾਇਆ, ਤੇ ਕਿਹਾ, "ਸ਼ਹਿਨਸ਼ਾਹ ਸਲਾਮਤ! ਮੈ ਇਨਾਮ ਪਿੱਛੋਂ ਲਵਾਂਗਾ। ਮੇਰੇ ਦੱਸੇ ਟੇਵਿਆਂ 'ਤੇ ਪਤਾ ਕਰ ਲੈਣਾ। ਜਿੰਨਾ ਚਿਰ ਬਾਦਸ਼ਾਹ ਸਲਾਮਤ ਦੀ ਤਸੱਲੀ ਨਾ ਹੋ ਜਾਵੇ, ਓਨਾ ਚਿਰ ਇਸ ਬੰਦੇ ਨੂੰ ਨਜ਼ਰਬੰਦ ਰਖਿਆ ਜਾਵੇ। ਆਪ ਸਾਰੇ ਅੱਲਾਹ ਪਾਕ ਅੱਗੇ ਦੁਆ ਕਰੋ, ਕਿ ਮੈਂ ਆਪਣੇ ਕੰਮ ਵਿਚ ਸਫਲ ਹੋਵਾਂ।"

ਬਿਧੀ ਚੰਦ ਨੇ ਪੱਤਰੀ ਕੱਢੀ, ਉਸ ਉੱਤੇ ਬਾਦਸ਼ਾਹ ਦੀ ਉਂਗਲ ਰਖਾਈ, ਡਲ ਸੁਟਵਾਏ, ਤੇ ਕਿੰਨਾ ਚਿਰ ਉਂਗਲੀਆਂ 'ਤੇ ਹਿਸਾਬ ਕਰਕੇ ਸਿਰ ਫੇਰਿਆ। ਬਾਦਸ਼ਾਹ ਨੇ ਕਾਹਲੀ ਨਾਲ ਪੁੱਛਿਆ, "ਕਿਉਂ ਪਤਾ ਲੱਗਾ?"

ਬਿਧੀ ਚੰਦ ਨੇ ਕਿਹਾ,"ਬਾਦਸ਼ਾਹ ਸਲਾਮਤ ਦੀ ਕਿਰਪਾ ਨਾਲ ਕੁਛ ਪਤਾ ਤਾਂ ਲੱਗਦਾ ਹੈ, ਪਰ ?........ਪਰ........।"

ਉਸਨੇ ਏਸ ਢੰਗ ਨਾਲ ਚੁਫੇਰੇ ਖਲੇ ਨੌਕਰਾਂ ਵੱਲ ਵੇਖਿਆ, ਜਿਵੇਂ ਉਹਨਾਂ ਵਿਚੋਂ ਹੀ ਕਿਸੇ ਚੋਰ ਨੂੰ ਪਛਾਣਦਾ ਹੋਵੇ। ਸੌਂਧੇ ਖ਼ਾਂ ਤੇ ਉਸ ਦੇ ਸਾਥੀ ਕੰਬ ਉਠੇ। ਬਾਦਸ਼ਾਹ ਨੂੰ ਵੀ ਕੁਝ ਸ਼ੱਕ ਪਿਆ। ਉਹਨੇ ਬੜੇ ਰੁਅਬ ਨਾਲ ਕਿਹਾ,"ਪਰਵਾਹ ਨਹੀਂ, ਨਜੂਮੀ। ਭਾਵੇਂ ਕੋਈ ਹੋਵੇ, ਤੂੰ ਸਭ ਕੁਝ ਖੋਲ੍ਹ ਕੇ ਦੱਸ।"

ਬਿਧੀ ਚੰਦ ਨੇ ਕਹਿਣਾ ਸ਼ੁਰੂ ਕੀਤਾ :

ਮਿਰਜ਼ਾ

ਕਹਿੰਦਾ ਬਿਧੀਆ ਪੱਤਰੀ ਵਾਚ ਕੇ
ਦੇਵਾਂ ਸੱਚ ਦੀ ਬਾਤ ਸੁਣਾ
ਮੈਨੂੰ ਇਲਮ ਮੇਰਾ ਪਿਆ ਦੱਸਦਾ
ਇਹ ਕੋਈ ਘਰ 'ਚੋਂ ਚੋਰ ਪਿਆ
ਦਿਲ ਕੰਬਦਾ ਏ ਸੱਚਿਆ ਪਾਤਸ਼ਾਹ
ਗੱਲ ਰੁਕਦੀ ਮੂੰਹ 'ਤੇ ਆ
ਕਿਤੋਂ ਪਾੜੀ ਕੰਧ ਨਹੀਂ ਦਿੱਸਦੀ
ਟੁੱਟਾ ਜੰਦਰਾ ਵੀ ਨਹੀਂ ਕੱਾ
ਫਿਰ ਲੈ ਗਿਆ ਬਾਹਰੋਂ ਆਣ ਕੇ

ਕੋਈ ਘੋੜਾ ਕਿਵੇਂ ਉਡਾਂ
ਮੈਨੂੰ ਰਾਖਿਆਂ ਵਿਚੋਂ ਜਾਪਦਾ
ਦਿਲ ਇਕ ਦਾ ਡੋਲ ਗਿਆ
ਜਾਂ ਤਾਂ ਭੇਤ ਦਿਤਾ ਉਸ ਗ਼ੈਰ ਨੂੰ
ਤੇ ਜਾਂ ਆਪੇ ਕਢ ਲਿਆ
ਮੈਨੂੰ ਘੋੜੇ ਉੱਤੇ ਦਿੱਸਦਾ
ਬੜਾ ਕੀਮਤੀ ਸਾਜ਼ ਪਿਆ
ਉਹ ਪੂਰਬ ਵੱਲ ਨੂੰ ਜਾਪਦਾ
ਅੱਧੀ ਰਾਤੀਂ ਪੰਧ ਪਿਆ
ਹੁਣ ਇਸ ਤੋਂ ਅੱਗੇ ਨਾ ਪੁੱਛੋ
ਮੇਰਾ ਦਿਲ ਰਿਹਾ ਗੋਤੇ ਖਾ

ਇਹ ਇਸ਼ਾਰੇ ਸੁਣ ਕੇ ਇਕ ਪਾਸੇ ਸੌਂਧਾ ਖ਼ਾਂ ਦਾ ਰੰਗ ਉਡ ਰਿਹਾ ਸੀ। ਉਹ ਸੋਚਦਾ : 'ਨਜੂਮੀ ਨੇ ਮੇਰੇ ਵੱਲ ਇਸ਼ਾਰਾ ਕਰ ਦਿੱਤਾ, ਤਾਂ ਬਿਨਾਂ ਪੜਤਾਲ ਕੀਤੇ ਹੀ ਬਾਦਸ਼ਾਹ ਕਤਲ ਕਰਾ ਦੇਵੇਗਾ। ਦੂੱਜੇ ਪਾਸੇ ਬਾਦਸ਼ਾਹ ਦਾ ਸ਼ੱਕ ਵੀ ਪੱਕਾ ਹੋ ਰਿਹਾ ਸੀ, ਤੇ ਉਹਦਾ ਕ੍ਰੋਧ ਵੀ ਵਧ ਰਿਹਾ ਸੀ। ਉਹਨੇ ਬੜੇ ਗੁੱਸੇ ਨਾਲ ਗਰਜਕੇ ਕਿਹਾ,"ਛੇਤੀ ਦੱਸ ਨਜੂਮੀ ! ਭਾਵੇਂ ਮੇਰਾ ਕਿੰਨਾ ਵੀ ਇਤਬਾਰੀ ਨੌਕਰ ਹੋਵੇ, ਤੂੰ ਨਿ-ਝਕ ਨਾਮ ਲੈ ਉਸਦਾ। ਮੈਂ ਤੈਨੂੰ ਅਭੈ-ਦਾਨ ਦੇਂਦਾ ਹਾਂ।"

ਬਿਧੀ ਚੰਦ ਨੇ ਫੇਰ ਉਂਗਲਾਂ ਉੱਤੇ ਹਿਸਾਬ ਕੀਤਾ, ਡਲ ਸੁਟੇ, ਸੰਘਲੀ ਸੁੰਘੀ ਤੇ ਕਿੰਨਾ ਚਿਰ ਸੋਚ-ਸੋਚ ਕੇ ਕਿਹਾ, "ਸਰਕਾਰ! ਮੈਨੂੰ ਇਕ ਰਾਤ ਦੀ ਮੁਹਲਤ ਬਖ਼ਸ਼ੀ ਜਾਵੇ। ਰਾਤ ਜੰਗਰਾਤਾ ਕਰ ਕੇ ਤਾਰਿਆਂ ਦਾ ਹਿਸਾਬ ਕਰਾਂਗਾ ਤੇ ਦਿਨ ਨੂੰ ਸਭ ਕੁਛ ਅਰਜ਼ ਕਰ ਦਿਆਂਗਾ।"

ਬਾਦਸ਼ਾਹ ਏਨਾ ਚਿਰ ਉਡੀਕਣਾ ਨਹੀਂ ਸੀ ਚਾਹੁੰਦਾ। ਉਹਨੇ ਬੜੀ ਬੇਸਬਰੀ ਨਾਲ ਕਿਹਾ,"ਸਵੇਰੇ ਨਹੀਂ, ਹੁਣੇ ਦੱਸੋ। ਛੇਤੀ ਦੱਸਣ ਵਾਸਤੇ ਸਵਾ ਲੱਖ ਇਨਾਮ ਹੋਰ ਦਿੱਤਾ ਜਾਵੇਗਾ।"

ਬਿਧੀ ਚੰਦ ਨੇ ਫੇਰ ਬੇਨਤੀ ਕੀਤੀ,"ਸਰਕਾਰ! ਹਿਸਾਬ ਵਿਚ ਥੋੜ੍ਹੀ ਜਿਹੀ ਗ਼ਲਤੀ ਵੀ ਕਿਸੇ ਬੇਗੁਨਾਹ ਦਾ ਕਾਲ ਬਣ ਸਕਦੀ ਹੈ। ਇਸ ਵਾਸਤੇ ਮੈਂ ਕਾਹਲੀ ਨਹੀਂ ਕਰਨਾ ਚਾਹੁੰਦਾ। ਸਰਕਾਰ ਆਗਿਆ ਦੇਵੇ, ਤਾਂ ਮੈਂ ਉਹ ਥਾਂ ਵੇਖਣਾ ਚਾਹੁੰਦਾ ਹਾਂ, ਜਿੱਥੋਂ ਘੋੜਾ ਗਿਆ ਹੈ।"

ਬਾਦਸ਼ਾਹ ਨੇ ਇਹ ਮੰਗ ਪੂਰੀ ਕਰ ਦਿੱਤੀ। ਏਨੇ ਨੂੰ ਸ਼ਾਮ ਹੋ ਗਈ ਸੀ। ਬਿਧੀ ਚੰਦ ਨੇ ਉਹ ਥਾਂ ਵੇਖ ਕੇ, ਧਰਤੀ ਸੁੰਘ ਕੇ, ਸੰਘਲੀ ਸੁਟ ਕੇ, ਏਨਾ ਹੋਰ ਦੱਸਿਆ, "ਘਾਹੀ ਘੋੜੇ ਦਾ ਚੋਰ ਹੈ, ਪਰ ਮੈਂ ਅਜੇ ਇਹ ਨਹੀਂ ਦੱਸ ਸਕਦਾ, ਕਿ ਉਹਦੇ ਨਾਲ ਕਿਸੇ ਹੋਰ ਦੀ ਵੀ ਸਲਾਹ ਸੀ, ਜਾਂ ਨਹੀਂ, ਤੇ ਇਸ ਵੇਲੇ ਘੋੜਾ ਕਿਥੇ ਹੈ। ਬਾਦਸ਼ਾਹ ਸਲਾਮਤ ਮੇਰੀਆਂ ਲੋੜੀਂਦੀਆਂ ਮੰਗਾਂ ਮੰਨਦੇ ਜਾਣ, ਤਾਂ ਸਭ ਕੁਛ ਦੱਸ ਸਕਾਂਗਾ।"

ਹੁਣ ਤਕ ਦੇ ਟੇਵਿਆਂ ਤੋਂ ਬਾਦਸ਼ਾਹ ਦਾ ਮਨ ਪਤਿਆਇਆ ਗਿਆ ਸੀ। ਉਹ ਸਭ ਕੁਛ ਮੰਨਣ ਵਾਸਤੇ ਤਿਆਰ ਹੋ ਗਿਆ। ਬਿਧੀ ਚੰਦ ਨੇ ਫੇਰ ਦੱਸਿਆ, "ਉਸ ਵੇਲੇ ਸਾਰੇ ਨੌਕਰਾਂ ਨੇ ਸ਼ਰਾਬ ਪੀਤੀ ਹੋਈ ਸੀ। ਘਾਹੀ ਨੇ ਆਪਣੇ ਹੱਥੀਂ ਸਭ ਨੂੰ ਸ਼ਰਾਬ ਪਿਆਈ ਸੀ। ਉਹਨੇ ਕੁੰਜੀ ਨਾਲ ਜੰਦਰਾ ਖੋਲ੍ਹ ਕੇ ਅੰਦਰੋਂ ਕਾਠੀ ਕੱਢੀ ਸੀ। ਬਾਕੀ ਪਹਿਰੇਦਾਰਾਂ ਨੂੰ ਉਹਨੇ ਜੰਦਰੇ ਅੰਦਰ ਦੇ ਕੇ ਕੁੰਜੀਆਂ ਆਪਣੇ ਕਬਜ਼ੇ ਵਿਚ ਲੈ ਲਈਆਂ ਸਨ। ਇਸ ਵਿਹੜੇ ਵਿਚ ਇਕ ਵੀ ਆਦਮੀ ਉਸ ਵੇਲੇ ਨਹੀਂ ਸੀ। ਅੱਧੀ ਰਾਤ ਵੇਲੇ ਉਹ ਘੋੜਾ ਲੈ ਗਿਆ ਹੈ। ਬਾਕੀ ਗੱਲ ਰਹੀ, ਕਿ ਉਹ ਘੋੜਾ ਲੈ ਗਿਆ ਕਿਹੜੇ ਰਾਹ, ਤੇ ਹੁਣ ਘੋੜਾ ਕਿਥੇ ਹੈ। ਇਹ ਤਾਂ ਠੀਕ ਦੱਸਿਆ ਜਾ ਸਕਦਾ ਹੈ, ਜੇ ਓਹਾ ਸਮਾਂ ਹੋਵੇ ਤੇ ਓਸੇ ਤਰ੍ਹਾਂ ਦੇ ਸਭ ਕਾਰਨ ਪੈਦਾ ਕਰ ਦਿਤੇ ਜਾਣ। ਸੋ, ਹਜ਼ੂਰ ਕਿਲ੍ਹੇ ਦੇ ਬਾਹਰ ਸਖ਼ਤ ਪਹਿਰਾ ਕਰਕੇ, ਚਾਬੀਆਂ ਮੇਰੇ ਹੱਥ ਦੇ ਕੇ, ਘੋੜੇ 'ਤੇ ਕਾਠੀ ਪਾ ਕੇ, ਵਿਹੜੇ ਵਿਚ ਫਿਰ ਕੇ ਹਿਸਾਬ ਲਾਉਣ ਦੀ ਆੱਗਿਆ ਦੇਵੇ, ਤਾਂ ਮੈਂ ਐਨ ਓਸੇ ਵੇਲੇ 'ਤੇ ਸਭ ਕੁਝ ਦੱਸ ਸਕਾਂਗਾ। ਫਿਰ ਮੈਂ ਸਵਾ ਪੰਜ ਲੱਖ ਰੁਪੈ ਇਨਾਮ ਦਾ ਹੱਕਦਾਰ ਹੋਵਾਂਗਾ।"

ਬਾਦਸ਼ਾਹ ਏਸ ਝਾਸੇ ਵਿਚ ਆ ਗਿਆ। ਕਿਲ੍ਹੇ ਦਿਆਂ ਬੂਹਿਆਂ ਉੱਤੇ ਪਹਿਰਾ ਤਕੜਾ ਕਰਕੇ, ਅੰਦਰ ਸਭ ਨੌਕਰਾਂ ਨੂੰ ਕਮਰਿਆਂ 'ਚ ਬੰਦ ਕਰਕੇ

ਕੁੰਜੀਆਂ ਬਿਧੀ ਚੰਦ ਦੇ ਹੱਥ ਦੇ ਦਿੱਤੀਆਂ। ਦੂੱਜੇ ਘੋੜੇ 'ਗੁਲਬਾਗ਼' 'ਤੇ ਕਾਠੀ ਪਾ ਕੇ ਬਿਧੀ ਚੰਦ ਦੇ ਹੱਥ ਫੜਾ ਦਿੱਤਾ। ਬਾਦਸ਼ਾਹ ਆਪ ਵੀ ਸੰਮਣ ਬੁਰਜ ਵਿਚ ਚਲਾ ਗਿਆ। ਹੁਣ ਮੈਦਾਨ ਸਾਫ਼ ਸੀ ਤੇ ਘੋੜਾ ਬਿਧੀ ਚੰਦ ਦੇ ਹੱਥ। ਉਹ ਘੋੜੇ ਨੂੰ ਫੜ ਕੇ ਕਿਲ੍ਹੇ ਵਿਚ ਫਿਰ ਰਿਹਾ ਸੀ। ਜਦ ਅੱਧੀ ਰਾਤ ਹੋ ਗਈ, ਬਿਧੀ ਚੰਦ ਘੋੜੇ ਉੱਤੇ ਅਸਵਾਰ ਹੋਇਆ, ਤੇ ਬਾਦਸ਼ਾਹ ਨੂੰ ਵਾਜ ਦੇ ਕੇ ਕਹਿਣ ਲੱਗਾ :

ਸਾਕਾ

ਘੋੜੇ 'ਤੇ ਚੜ੍ਹ ਬਿਧੀ ਚੰਦ ਮਾਰੇ ਲਲਕਾਰਾ
ਸੁਣ ਮੁਗ਼ਲਾਂ ਦੇ ਬਾਦਸ਼ਾਹ ਸੱਚ ਬਚਨ ਹਮਾਰਾ
ਪਹਿਲਾ ਘੋੜਾ ਲੈ ਗਿਆ ਮੈਂ ਬਣ ਘਸਿਆਰਾ
ਦੂੱਜਾ ਹੁਣ ਲਈ ਜਾ ਰਿਹਾ ਕੋਈ ਕਰ ਲੈ ਚਾਰਾ
ਮੇਰਾ ਨਾਮ ਹੈ ਬਿਧੀ ਚੰਦ ਜਾਣੇ ਜੱਗ ਸਾਰਾ
ਸਤਿਗੁਰ ਮੇਰੇ ਹਰਿਗੋਬਿੰਦ ਛੇਵੇਂ ਅਵਤਾਰਾ
'ਭਾਈ ਰੂਪੇ' ਵਿਚ ਹੈ ਇਸ ਵਕਤ ਉਤਾਰਾ
(ਅਸਾਂ) ਘੋੜੇ ਮੋੜੇ ਆਪਣੇ ਕੀ ਲਿਆ ਤੁਮਾਰਾ
ਮੇਰੀ ਤਲਬ, ਇਨਾਮ ਸਭ ਤੇਰੇ ਵੱਲ ਸਾਰਾ
ਉਲਟਾ ਤੇਰੇ ਸਿਰ ਰਿਹਾ ਇਹ ਕਰਜ਼ ਹਮਾਰਾ

ਉੱਚੀ ਵਾਜ ਨਾਲ ਬਿਧੀ ਚੰਦ ਨੇ ਕਿਹਾ,"ਐ ਬਾਦਸ਼ਾਹ! ਕਿਸੇ ਹੋਰ ਨੌਕਰ ਨੂੰ ਕੁਛ ਨਾ ਕਹੀਂ। ਜਿਸ ਦੀ ਤੈਨੂੰ ਭਾਲ ਸੀ, ਉਹ ਮੈਂ ਹਾਂ, ਬਿਧੀ ਚੰਦ। ਪਹਿਲਾ ਘੋੜਾ ਮੈਂ ਘਾਹੀ ਬਣ ਕੇ ਲੈ ਗਿਆ ਹਾਂ, ਜੋ ਇਸ ਵੇਲੇ 'ਭਾਈ ਰੂਪੇ' ਗੁਰੂ ਹਰਿਗੋਬਿੰਦ ਸਾਹਿਬ ਜੀ ਕੋਲ ਹੈ। ਤੇ ਦੂੱਜਾ ਹੁਣ ਨਜੂਮੀ ਬਣ ਕੇ ਲਈ ਜਾ ਰਿਹਾ ਹਾਂ। ਅਸਲ ਵਿਚ ਤੇਰਾ ਮੈਂ ਕੁਛ ਨਹੀਂ ਲੈ ਚੱਲਿਆ। ਇਹ ਘੋੜੇ ਸੰਗਤਾਂ ਗੁਰੂ ਸਾਹਿਬ ਵਾਸਤੇ ਲਿਆਈਆਂ ਸਨ, ਜੋ ਤੂੰ ਧੱਕੇ ਨਾਲ ਖੋਹ ਲਏ ਸਨ। ਸੋ, ਅਸੀਂ ਆਪਣੀ ਵਸਤੂ ਲੈ ਜਾ ਰਹੇ ਹਾਂ। ਜਿੰਨਾ ਚਿਰ ਤੇਰੀ ਨੌਕਰੀ ਕੀਤੀ ਹੈ, ਉਸ ਦਾ ਮੈਂ ਇਕ ਪੈਸਾ ਵੀ ਨਹੀਂ ਲੈ ਗਿਆ। ਮੇਰੀ ਤਨਖ਼ਾਹ ਤੇ ਮਿਲਿਆ

ਇਨਾਮ ਸਭ ਸੌਂਧੇ ਖ਼ਾਂ ਕੋਲ ਅਮਾਨਤ ਪਿਆ ਹੈ। ਤੇ ਹੁਣ ਵਾਲਾ ਸਵਾ ਪੰਜ ਲੱਖ ਇਨਾਮ ਤੇਰੇ ਸਿਰ ਕਰਜ਼ ਵਜੋਂ ਹੈ। ਮੇਰਾ ਕੰਮ ਘੋੜਿਆਂ ਦਾ ਪਤਾ ਕੱਢਣਾ ਸੀ, ਲਿਆ ਕੇ ਦੇਣੇ ਨਹੀਂ। ਤੇ ਦੂਜੀ ਗੱਲ ਕਿ ਘੋੜਾ ਗਿਆ ਕਿਵੇਂ ਸੀ? ਇਹ ਹੁਣ ਅੱਖੀਂ ਵੇਖਦਾ ਰਹੀਂ। ਮੈਂ ਹੁਣ ਜਾਂਦਾ ਹਾਂ।"

ਇਹ ਕੁਛ ਕਹਿ ਕੇ ਬਿਧੀ ਚੰਦ ਨੇ ਘੋੜੇ ਨੂੰ ਚਾਬਕ ਲਾਇਆ। ਘੋੜਾ ਇਕੋ ਵਾਰ ਟੱਪਿਆ ਤੇ ਕੰਧੋਂ ਪਾਰ ਜਾ ਪਿਆ। ਬਾਦਸ਼ਾਹ ਨੇ ਰੌਲਾ ਪਾਇਆ, ਪਰ ਉਹਦੇ ਨੌਕਰ ਸਭ ਕਮਰਿਆਂ ਵਿਚ ਬੰਦ ਸਨ ਤੇ ਕੁੰਜੀਆਂ ਬਿਧੀ ਚੰਦ ਦਰਿਆ ਵਿਚ ਸੁੱਟ ਗਿਆ ਸੀ। ਜਿੰਨੇ ਚਿਰ ਨੂੰ ਉਹਦਾ ਪਿੱਛਾ ਕਰਨ ਵਾਲੇ ਤਿਆਰ ਹੋਏ, ਓਨੇ ਚਿਰ ਤਕ ਬਿਧੀ ਚੰਦ ਕੋਹਾਂ ਦੂਰ ਨਿਕਲ ਗਿਆ।

ਪਹਿਲਾ ਘੋੜਾ ਬਿਧੀ ਚੰਦ 'ਭਾਈ ਰੂਪੇ' ਲੈ ਗਿਆ ਸੀ, ਪਰ ਦੂਜਾ ਘੋੜਾ ਲੈ ਕੇ ਜਾਣ ਤੋਂ ਪਹਿਲਾਂ ਗੁਰੂ ਮਹਾਰਾਜ ਰਾਏ ਜੋਧ ਦੇ ਪਿੰਡ 'ਕਾਂਗੜ' ਚਲੇ ਗਏ ਸਨ। ਬਿਧੀ ਚੰਦ ਦੂਜਾ ਘੋੜਾ ਲੈ ਕੇ (ਪਿੰਡ ਕਾਂਗੜ ਵਿਚ) ਹਾਜ਼ਰ ਹੋਇਆ, ਤਾਂ ਗੁਰੂ ਜੀ ਨੇ ਪਰਸੰਨ ਹੋ ਕੇ ਬਿਧੀ ਚੰਦ ਨੂੰ ਛਾਤੀ ਨਾਲ ਲਾ ਲਿਆ। ਦੂੱਜੇ ਘੋੜੇ ਗੁਲਬਾਗ਼ ਦਾ ਨਾਮ 'ਸੁਹੇਲਾ' ਰਖਿਆ ਗਿਆ*।

ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।

ਪ੍ਰਸੰਗ ਲਿਖਿਆ ੨-੪-੫੦ ਈ.

---

* ਮੈਕਾਲਫ (ਪੰਜਾਬੀ ਤਰਜਮਾ, ਹਿੱਸਾ ਤਿੱਜਾ, ਪੰਨੇ ੧੭੧ ਤੋਂ ੧੯੬)। ਗੁਰਬਿਲਾਸ, ਪਾਤਸ਼ਾਹੀ ਛੇਵੀਂ, ਪੰਨੇ ੬੨੧ ਤੋਂ ੬੪੦।

ੴ ਸਤਿਗੁਰ ਪ੍ਰਸਾਦਿ॥

ਸ਼ਹੀਦੀ

ਭਾਈ ਮਨੀ ਸਿੰਘ ਜੀ

ਸਿੱਖਾਂ ਨੂੰ ਮੁਕਾਉਣ ਦਾ ਚੰਗਾ ਢੰਗ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਨੇ ਏਹਾ ਸਮਝਿਆ, ਕਿ ਉਹਨਾਂ ਨੂੰ ਅੰਮ੍ਰਿਤਸਰ ਇਸ਼ਨਾਨ ਕਰਨ ਨਾ ਆਉਣ ਦਿੱਤਾ ਜਾਵੇ। ਕਿਉਂਕਿ ਕਾਜ਼ੀਆਂ ਵੱਲੋਂ ਉਹਨੂੰ ਦੱਸਿਆ ਗਿਆ ਸੀ, ਕਿ ਅੰਮ੍ਰਿਤਸਰ ਸਰੋਵਰ ਵਿਚ ਇਸ਼ਨਾਨ ਕਰਕੇ ਸਿੰਘ ਅਮਰ ਹੋ ਜਾਂਦੇ ਹਨ। ਏਸ ਕੰਮ ਵਾਸਤੇ ਸੂਬੇਦਾਰ ਨੇ ਕਾਜ਼ੀ ਅਬਦੁੱਰਹਿਮਾਨ ਨੂੰ ਅੰਮ੍ਰਿਤਸਰ ਦਾ ਹਾਕਮ ਬਣਾ ਕੇ ਘੱਲਿਆ। ਥੋੜ੍ਹੇ ਚਿਰ ਪਿਛੋਂ ਹੀ ਸ. ਸੁੱਖਾ ਸਿੰਘ ਮਾੜੀ ਕੰਬੋਕੀ ਤੇ ਥਰਾਜ ਸਿੰਘ ਦੇ ਹੱਥੋਂ ਕਾਜ਼ੀ ਅਬਦੁੱਰਹਿਮਾਨ ਮਾਰਿਆ ਗਿਆ*। ਫਿਰ ਸੂਬੇਦਾਰ ਨੇ ਬੜਾ ਸਖ਼ਤ ਹੁਕਮ ਦੇ ਕੇ ਦੀਵਾਨ ਲਖਪਤ ਰਾਏ ਨੂੰ ਅੰਮ੍ਰਿਤਸਰ ਭੇਜਿਆ। ਉਹਨੇ ਮਿੱਟੀ ਪੁਆ ਕੇ ਸਰੋਵਰ ਦਾ ਬਹੁਤ ਸਾਰਾ ਹਿੱਸਾ ਪੂਰ ਦਿੱਤਾ ਤੇ ਉਦਾਲੇ ਪਹਿਰਾ ਸਖ਼ਤ ਕਰ ਦਿੱਤਾ । ਆਪਣੇ ਵੱਲੋਂ ਉਹਨੇ ਅੰਮ੍ਰਿਤਸਰ ਦੇ ਪਰਬੰਧ ਵਾਸਤੇ ਕਾਜ਼ੀ ਅਬਦੁੱਰਜ਼ਾਕ ਨੂੰ ਨੀਯਤ ਕੀਤਾ।

ਏਥੇ ਹੀ ਬੱਸ ਨਹੀਂ, ਸੂਬੇਦਾਰ ਨੇ ਸਾਰੇ ਪੰਜਾਬ ਵਿਚ ਗਸ਼ਤੀ ਫ਼ੌਜ ਵਧਾ ਦਿੱਤੀ ਤੇ ਉਸ ਦੇ ਹਾਕਮਾਂ ਨੂੰ ਸਿੱਖਾਂ ਦੀ ਤਬਾਹੀ ਦਾ ਬੜਾ ਸਖ਼ਤ ਹੁਕਮ ਦਿੱਤਾ। ਤੰਗ ਆ ਕੇ ਸਿੱਖ ਘਰ ਘਾਟ ਛੱਡ ਕੇ ਜੰਗਲਾਂ, ਪਹਾੜਾਂ ਜਾਂ ਬੀਕਾਨੇਰ ਦੇ ਰੇਤਥਲਿਆਂ ਵੱਲ ਨੱਸ ਗਏ। ਮਾਝੇ ਵਿਚ ਸਿੱਖ ਦੇ ਦਰਸ਼ਨ ਵੀ ਦੁਰਲਭ ਹੋ ਗਏ।

---

* ਵੇਖੋ 'ਸਿੱਖਰਾਜ ਕਿਵੇਂ ਬਣਿਆਂ?'

ਭਾਈ ਸਾਹਿਬ ਭਾਈ ਮਨੀ ਸਿੰਘ ਜੀ+ ੧੭੨੧ ਈ. ਤੋਂ 'ਹਰਿਮੰਦਰ' ਸਾਹਿਬ ਜੀ ਦੇ ਗ੍ਰੰਥੀ ਚਲੇ ਆ ਰਹੇ ਸਨ। ਉਹ ਨਿਰਮਲੇ ਸੰਤਾਂ ਦੇ ਲਿਬਾਸ (ਸਫ਼ੈਦ ਕੱਪੜਿਆਂ) ਵਿਚ ਰਹਿੰਦੇ ਸਨ। ਉਹ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਸਮਝਾਉਂਦੇ ਰਹਿੰਦੇ। ਨਿਰਮਲੇ ਸੰਤਾਂ ਦੀ ਪਰਣਾਲੀ ਤੇ ਗੁਰਬਾਣੀ ਦੇ ਟਕਸਾਲੀ ਅਰਥ ਉਹਨਾਂ ਤੋਂ ਹੀ ਚੱਲੇ ਹਨ। ਉਹਨਾਂ ਕੋਲ ਹਰ ਵੇਲੇ ਪੰਦਰਾਂ ਵੀਹ ਸੰਤ, ਫ਼ਕੀਰ (ਮੁਸਲਮਾਨ) ਟਿਕੇ ਰਹਿੰਦੇ ਤੇ ਗੁਰੂ ਕਾ ਲੰਗਰ ਵਰਤਦਾ ਰਹਿੰਦਾ। ਹਾਕਮਾਂ ਵੱਲੋਂ ਵੀ ਭਾਈ ਸਾਹਿਬ ਜੀ ਨੂੰ ਸਭ ਦਾ ਸਾਂਝਾ (ਫ਼ਕੀਰ) ਸਮਝਿਆ ਜਾਂਦਾ।

ਦੀਵਾਨ ਲਖਪਤ ਰਾਏ ਤੇ ਕਾਜ਼ੀ ਅਬਦੁੱਰਜ਼ਾਕ ਦੇ ਕਰੜੇ ਪਰਬੰਧ ਦੇ ਕਾਰਨ ਸਿੱਖਾਂ ਦਾ ਅੰਮ੍ਰਿਤਸਰ ਆਉਣਾ ਅਸਲੋਂ ਬੰਦ ਹੋ ਗਿਆ। ਭਾਈ ਮਨੀ ਸਿੰਘ ਜੀ ਦੀ ਆਤਮਾ ਵਾਸਤੇ ਇਹ ਵਿਛੋੜਾ ਅਸਹਿ ਸੀ। ਉਹ ਸੰਗਤਾਂ ਦੇ ਖੁੱਲ੍ਹੇ ਦਰਸ਼ਨ ਕਰਨ ਲਈ ਕੋਈ ਵਿਉਂਤ ਸੋਚਣ ਲਗੇ।

ਕਬਿੱਤ

ਚਿਰ ਹੋਇਆ ਦਰਸ਼ਨ ਕੀਤੇ ਗੁਰ ਸੰਗਤਾਂ ਦੇ
ਏਸ ਦਿਲੀ ਭੁੱਖ ਤਾਈਂ ਕਿਸ ਤਰ੍ਹਾਂ ਮਿਟਾਇਆ ਜਾਵੇ?
ਵਿਛੜੇ ਚਿਰਾਂ ਦੇ ਵੀਰ ਵੀਰ ਪਰਦੇਸ ਵਿਚ
ਸੋਚੀਏ ਕੋਈ ਢੰਗ, ਜਿਵੇਂ ਉਹਨਾਂ ਨੂੰ ਮਿਲਾਇਆ ਜਾਵੇ
ਸਮੇਂ ਦਿਆਂ ਹਾਕਮਾਂ ਨੂੰ ਦੇਣਾ ਕਰ ਠੇਕਾ ਕੁਛ
ਅੰਮ੍ਰਿਤਸਰ ਮੇਲਾ ਦੀਪਮਾਲਾ ਲਾਇਆ ਜਾਵੇ
ਏਸ ਬਿਨਾਂ ਦਿੱਸਦਾ ਨਾ ਚਾਰਾ ਹੋਰ 'ਸੀਤਲ' ਜੀ
ਵਿਛੜੇ ਸਿੱਘਾਂ ਦਾ ਮੇਲ ਜਿਸ ਤਰ੍ਹਾਂ ਕਰਾਇਆ ਜਾਵੇ

ਏਸ ਮਤਲਿਬ ਵਾਸਤੇ ਭਾਈ ਸਾਹਿਬ ਜੀ ਨੇ ਅੰਮ੍ਰਿਤਸਰ ਵਿਚ ਨੀਯਤ ਹਾਕਮ ਅਬਦੁੱਰਜ਼ਾਕ ਨਾਲ ਮੇਲ ਮਿਲਾਪ ਪੈਦਾ ਕੀਤਾ। ਭਾਈ ਸਾਹਿਬ ਜੀ

+ ਪਹਿਲੇ ਹਾਲ ਪੜ੍ਹਨ ਵਾਸਤੇ ਵੇਖੋ 'ਸਿੱਖ ਰਾਜ ਕਿਵੇਂ ਬਣਿਆਂ?'

ਨੇ ਕਾਜ਼ੀ ਨੂੰ ਕੁਛ ਤਮ੍ਹਾਂ ਦੇਣਾ ਮੰਨਿਆ, ਤਾਂ ਕਾਜ਼ੀ ਏਸ ਗੱਲ ਉੱਤੇ ਰਜ਼ਾਮੰਦ ਹੋ ਗਿਆ, ਕਿ ਭਾਈ ਸਾਹਿਬ ਜੀ ਦੇ ਪਰਬੰਧ ਥੱਲੇ ਦੀਪਮਾਲਾ ਦਾ ਮੇੱਲਾ ਲੱਗੇ।

ਬੈਂਤ

ਅੰਮ੍ਰਿਤਸਰ ਦੇ ਹਾਕਮਾਂ ਨਾਲ ਰਲ ਕੇ
ਭਾਈ ਮਨੀ ਸਿੰਘ ਮਤਾ ਪਕਾਇਆ ਜੀ
ਦੇਣਾ ਮੰਨਿਆ ਪੰਜ ਹਜ਼ਾਰ ਠੇਕਾ
ਦੋ ਹਜ਼ਾਰ ਵੱਢੀ ਦਾ ਚੁਕਾਇਆ ਜੀ
ਅੰਮ੍ਰਿਤਸਰ ਲੱਗੇ ਮੇੱਲਾ ਦੀਪਮਾਲਾ
ਦਸਾਂ ਦਿਨਾਂ ਤਕ, ਅਹਿਦ ਠਹਿਰਾਇਆ ਜੀ
ਐਪਰ ਦਖ਼ਲ ਨਾ ਦੇਵੇ ਸਰਕਾਰ ਏਥੇ
ਸ਼ਰਤਾਂ ਵਿਚ ਇਹ ਸਾਫ਼ ਲਿਖਵਾਇਆ ਜੀ
ਜਾਂਦੇ ਆਂਵਦੇ ਕਿਸੇ ਵੀ ਸਿੱਖ ਤਾਈਂ
ਏਥੇ ਮੂਲ ਨਾ ਜਾਵੇ ਅਟਕਾਇਆ ਜੀ
ਮੇੱਲੇ ਬਾਦ ਸਭ ਦਿਆਂਗੇ ਤਾਰ ਠੇਕਾ
ਗਿਆ ਅਹਿਦ ਇਹ ਲਿਖਿਆ ਲਿਖਾਇਆ ਜੀ

ਦੋ ਹਜ਼ਾਰ ਰੁਪੈ ਤਾਂ ਕਾਜ਼ੀ ਅਬਦੁਰਜ਼ਾਕ ਨੂੰ ਵੱਢੀ ਦੇਣੇ ਮੰਨੇ* ਤੇ ਪੰਜ ਹਜ਼ਾਰ ਠੇਕੇ ਵਜੋਂ ਲਾਹੌਰ ਸਰਕਾਰ ਨੂੰ। ਦੀਪਮਾਲਾ ਦਾ ਮੇੱਲਾ ਦਸ ਦਿਨ ਲਗਣਾ ਮੰਨਿਆ। ਇਹ ਸ਼ਰਤ ਸਾਫ਼ ਤੌਰ 'ਤੇ ਪੱਕੀ ਕੀਤੀ ਗਈ, ਕਿ ਓਨੇ ਦਿਨ ਸਰਕਾਰੀ ਫ਼ੌਜ ਜਾਂ ਹੋਰ ਕੋਈ ਸਰਕਾਰੀ ਕਰਮਚਾਰੀ ਅੰਮ੍ਰਿਤਸਰ ਨਹੀਂ ਆਵੇਗਾ। ਏਥੇ ਰਹਿਣ ਵਾਲੇ ਹਾਕਮ ਵੀ ਮੇੱਲੇ ਵਿਚ ਦਖ਼ਲ ਨਹੀਂ ਦੇਣਗੇ। ਮੇੱਲੇ ਆਉਂਦੀਆਂ ਸੰਗਤਾਂ ਜਾਂ ਸਿੰਘਾਂ ਦੇ ਜਥਿਆਂ ਨੂੰ ਸਰਕਾਰ ਵੱਲੋਂ ਕੋਈ

* ਪੰਥ ਪ੍ਰਕਾਸ਼, ਪੰਨਾ ੫੯੩।

ਰੁਕਾਵਟ ਨਹੀਂ ਹੋਵੇਗੀ। ਸੰਗਤਾਂ ਦੇ ਚਲੇ ਜਾਣ ਪਿਛੋਂ ਠੇਕੇ ਦੀ ਰਕਮ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾ ਕਰਾ ਦਿੱਤੀ ਜਾਵੇਗੀ।

ਕਾਜ਼ੀ ਨੂੰ ਏਸ ਵਿਚੋਂ ਦੋ ਹਜ਼ਾਰ ਗੁਪਤ ਤੌਰ 'ਤੇ ਮਿਲ ਜਾਣਾ ਸੀ। ਸੋ, ਉਹਨੇ ਭਾਈ ਸਾਹਿਬ ਜੀ ਦੇ ਹੱਕ ਵਿਚ ਲਿਖ ਕੇ ਇਹ ਸ਼ਰਤਾਂ ਲਾਹੌਰ ਭੇਜ ਦਿੱਤੀਆਂ। ਕਾਜ਼ੀ ਦੇ ਜ਼ੋਰ ਦੇਣ 'ਤੇ ਸੂਬੇਦਾਰ ਲਾਹੌਰ ਨੇ ਵੀ ਇਹ ਸ਼ਰਤਾਂ ਪਰਵਾਨ ਕਰ ਲਈਆਂ।

ਮੇੱਲਾ ਲੱਗਣ ਦਾ ਫ਼ੈਸਲਾ ਹੋ ਗਿਆ। ਤਿਆਰੀ ਹੋਣ ਲੱਗੀ। ਅੰਮ੍ਰਿਤਸਰ ਦੇ ਉਦਾਲੇ ਦੀਆਂ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਪੂਰੇ ਹੋਏ ਸਰੋਵਰ ਦੀ ਸਫ਼ਾਈ ਕੀਤੀ ਤੇ ਖੂਹਾਂ ਦਾ ਪਾਣੀ ਪਾ ਕੇ ਸਰੋਵਰ ਭਰ ਦਿੱਤਾ। ਭਾਈ ਸਾਹਿਬ ਦਾ ਅਸਲੀ ਨਸ਼ਾਨਾ ਸੀ, ਕਿ ਥਾਂ ਥਾਂ ਖਿਲਰੇ ਹੋਏ ਜਥੇ ਕੱਠੇ ਹੋਣ, ਤਾਂ ਪੰਥ ਦੀ ਬਿਹਤਰੀ ਵਾਸਤੇ ਕੋਈ ਨਿੱਗਰ ਪ੍ਰੋਗਰਾਮ ਬਣਾਇਆ ਜਾਵੇ। ਉਹਨੇ ਚਿੱਠੀਆਂ ਲਿਖ ਕੇ ਸ਼ਰਧਾਲੂ ਸਿੱਖਾਂ ਹੱਥ ਥਾਂ ਥਾਂ ਸਿੰਘਾਂ ਨੂੰ ਭੇਜ ਦਿੱਤੀਆਂ।

ਮਿਰਜ਼ਾ

ਖ਼ਾਨ ਬਹਾਦਰ ਨਾਲ ਜਾਂ, ਲਿਆ ਇਕਰਾਰ ਲਿਖੱਾ
ਲੱਗੀਆਂ ਹੋਣ ਤਿਆਰੀਆਂ, ਦਿਲ ਵਿਚ ਬਹੁਤੇ ਚੱਾ
ਪਿਆ 'ਸਰੋਵਰ' ਪੂਰਿਆ, ਕੀਤਾ ਸਾਫ਼ ਬਣੱਾ
ਭਰਿਆ ਕੰਢਿਆਂ ਤੀਕ ਫਿਰ, ਖੂਹਾਂ ਦਾ ਜਲ ਪਾ
ਚਿਠੀਆਂ ਲਿਖੀਆਂ ਮਨੀ ਸਿੰਘ, ਸਭ ਨੂੰ ਫ਼ਤਹਿ ਬੁਲੱਾ
ਸਿੰਘਾਂ ਦੇ ਹਰ ਜਥੇ ਨੂੰ, ਥਾਂ ਥਾਂ ਪੁੱਜੀਆਂ ਜਾ
ਗੁਰ ਦਰਸ਼ਨ ਨੂੰ ਆਉਣ ਸਭ, ਸੰਗਤਾਂ ਹੁੰਮ-ਹੁਮੱਾ
ਦੀਵਾਲੀ ਦਾ ਪੁਰਬ ਇਹ, ਰਲ ਮਿਲ ਲਵੋ ਮਨੱਾ
ਦਸ ਦਿਨ ਮੇੱਲਾ ਲੱਗਸੀ, ਫ਼ਿਕਰ ਨਾ ਕਰਨਾ ਕਾ
ਸੂਬੇਦਾਰ ਲਾਹੌਰ ਤੋਂ ਲਿਆ ਏ ਅਹਿਦ ਲਿਖੱਾ

ਇਹ ਚਿੱਠੀਆਂ ਭੇਜ ਕੇ ਸੰਤ ਬਾਬਾ ਮਨੀ ਸਿੰਘ ਜੀ ਲੋੜੀਂਦੀ ਤਿਆਰੀ ਕਰਨ ਲੱਗੇ। ਸਥਾਨਕ ਸੰਗਤਾਂ ਦੇ ਦਿਲ ਵਿਚ ਮੇਂਲੇ ਦਾ ਚਾਅ ਸੀ। ਭਾਈ ਸਾਹਿਬ ਦਾ ਖ਼ਿਆਲ ਸੀ, ਕਿ ਮੇਂਲਾ ਬੜਾ ਲੱਗੇਗਾ ਤੇ ਚੜ੍ਹਾਵਾ ਬੇਅੰਤ ਹੋ ਜਾਵੇਗਾ। ਉਸ ਵਿਚੋਂ ਸੱਤ ਹਜ਼ਾਰ ਹਾਕਮਾਂ ਨੂੰ ਦੇ ਕੇ ਬਾਕੀ ਬੱਚਤ ਨਾਲ ਹਰਿਮੰਦਰ ਸਾਹਿਬ ਦੀ ਸੇਵਾ ਕੀਤੀ ਜਾਵੇਗੀ।

ਦੂਜੇ ਪਾਸੇ ਮੁਸਲਮਾਨ ਹਾਕਮ ਕੁਛ ਹੋਰ ਹੀ ਸੋਚ ਰਹੇ ਸਨ। ਉਹਨਾਂ ਵਿਚ ਧਰਮ ਈਮਾਨ ਤਾਂ ਕੋਈ ਹੈ ਨਹੀਂ ਸੀ। ਉਹਨਾਂ ਸੋਚਿਆ: ਅੱਗੇ ਥਾਂ ਥਾਂ ਜੰਗਲਾਂ ਵਿਚ ਸਿੰਘਾਂ ਨੂੰ ਲੱਭਦੇ ਫਿਰਦੇ ਸਾਂ, ਪਰ ਉਹ ਹੱਥ ਨਹੀਂ ਸਨ ਆਉਂਦੇ। ਹੁਣ ਚੰਗਾ ਢੋਅ ਲੱਗੇਗਾ। ਸਾਰੇ ਸਿੰਘ ਸਰਦਾਰ ਮੇਂਲੇ ਉਤੇ ਕੱਠੇ ਹੋਣਗੇ। ਏਥੇ ਹੀ ਘੇਰਾ ਪਾ ਕੇ ਸਭ ਨੂੰ ਪਕੜ ਲਵੋ ਤੇ ਦਿੱਲੀ ਪੁਚਾ ਕੇ ਬਾਦਸ਼ਾਹ ਕੋਲੋਂ ਇਨਾਮ ਲਵੋ। ਏਸ ਤਰ੍ਹਾਂ ਬਾਦਸ਼ਾਹ ਖ਼ੁਸ਼ ਹੋ ਜਾਵੇਗਾ, ਨਾਲੇ ਸਾਡੇ ਰਾਹ ਵਿਚੋਂ ਸਦਾ ਵਾਸਤੇ ਕੰਡਾ ਨਿਕਲ ਜਾਵੇਗਾ।

ਸਾਕਾ

ਫਿਰ ਗਏ ਹਾਕਮ ਬਚਨ ਤੋਂ ਲੱਖ ਕਸਮਾਂ ਖਾ ਕੇ
ਫ਼ੌਜਾਂ ਕਰਨ ਤਿਆਰ ਉਹ, ਇਹ ਮਤਾ ਪਕਾ ਕੇ
ਸਿੰਘ ਸਭ ਕੱਠੇ ਹੋਣਗੇ ਅੰਮ੍ਰਿਤਸਰ ਆ ਕੇ
ਘੇਰਾ ਪਾ ਕੇ ਪਕੜ ਲੌ ਧੋਖੇ ਨਾਲ ਜਾ ਕੇ
ਦਿੱਲੀ ਅੰਦਰ ਲੈ ਚਲੋ ਹਥਕੜੀਆਂ ਲਾ ਕੇ
ਖ਼ੁਸ਼ੀਆਂ ਲੌ ਬਾਦਸ਼ਾਹ ਦੀਆਂ ਕਾਫ਼ਰ ਪਕੜਾ ਕੇ

ਦਿਲ ਵਿਚ ਇਹ ਧਾਰ ਕੇ ਸੂਬੇਦਾਰ ਨੇ ਬਹੁਤ ਸਾਰੀ ਫ਼ੌਜ—ਮੇਂਲੇ ਦੇ ਪਰਬੰਧ ਕਰਨ ਦੇ ਬਹਾਨੇ—ਅੰਮ੍ਰਿਤਸਰ ਭੇਜ ਦਿੱਤੀ। ਨਵੇਂ ਆਏ ਫ਼ੌਜੀ ਅਫ਼ਸਰਾਂ ਨੇ ਅੰਮ੍ਰਿਤਸਰ ਦੇ ਉਦਾਲੇ ਚਾਰ ਚੁਫੇਰੇ ਡੇਰੇ ਲਾ ਲਏ, ਜਿੱਥੋਂ ਲੋੜ ਸਮੇਂ ਝੱਟ ਪੱਟ ਘੇਰਾ ਪਾਇਆ ਜਾ ਸਕੇ। ਇਹ ਹਾਲਤ ਵੇਖ ਕੇ ਭਾਈ ਮਨੀ ਸਿੰਘ ਜੀ ਸਭ ਕੁਛ ਤਾੜ ਗਏ। ਉਹ ਸੋਚਣ ਲੱਗੇ: 'ਹਾਕਮਾਂ ਦੀ ਨੀਅਤ

ਬਦਲ ਗਈ ਹੈ। ਸੰਗਤਾਂ ਕੱਠੀਆਂ ਹੋ ਗਈਆਂ, ਤਾਂ ਇਹ ਭਲੇ ਦੀ ਥਾਂ, ਸਗੋਂ ਪੰਥ ਦਾ ਨੁਕਸਾਨ ਹੋਵੇਗਾ। ਬਿਹਤਰੀ ਏਸੇ ਵਿਚ ਹੈ, ਕਿ ਸੰਗਤਾਂ ਨੂੰ ਆਉਣ ਤੋਂ ਰੋਕ ਦੇਈਏ ਤੇ ਨਿਰਦਈ ਹਾਕਮਾਂ ਦਾ ਗ਼ੁੱਸਾ ਆਪਣੇ ਸਿਰ 'ਤੇ ਝੱਲੀਏ।' ਸੋ, ਭਾਈ ਸਾਹਿਬ ਜੀ ਨੇ ਸੰਗਤਾਂ ਤੇ ਜੱਥਿਆਂ ਨੂੰ ਵਾਪਸੀ ਚਿੱਠੀਆਂ ਭੇਜੀਆਂ।

ਜੰਗਲਾ

ਮਨੀ ਸਿੰਘ ਜਾਂ ਅੰਮ੍ਰਿਤਸਰ ਵਿਚ, ਤਕੀਆਂ ਫ਼ੌਜਾਂ ਆਈਆਂ
ਲਿਖ ਕੇ ਚਿਠੀਆਂ ਫੇਰ ਪੰਥ ਨੂੰ ਥਾਂ ਥਾਂ ਉਸ ਨੇ ਪਾਈਆਂ
'ਨੀਅਤ ਬਦਲ ਹਾਕਮਾਂ ਦੀ ਗਈ' ਸਭ ਗੱਲਾਂ ਸਮਝਾਈਆਂ
'ਸੰਗਤਾਂ ਨਾ ਆਉਣ ਅੰਮ੍ਰਿਤਸਰ' ਖ਼ਬਰਾ ਝੱਟ ਪੁਚਾਈਆਂ

ਸਮੇਂ ਸਿਰ ਖ਼ਬਰਾਂ ਪੁੱਜ ਜਾਣ ਕਰ ਕੇ ਸੰਗਤਾਂ ਨਾ ਆਈਆਂ। ਸੋ ਨਾ ਮੇੱਲਾ ਲੱਗਾ, ਤੇ ਨਾ ਚੜ੍ਹਾਵਾ ਆਇਆ। ਕੁਝ ਗਿਣਤੀ ਦੇ ਉਦਾਸੀ ਸੰਤ, ਨਿਰਮਲੇ ਸਿੱਖ ਤੇ ਸੂਫ਼ੀ ਫ਼ਕੀਰ ਹੀ ਕੱਠੇ ਹੋਏ।

ਮੇੱਲੇ ਦੇ ਦਿਨ ਬੀਤ ਜਾਣ ਪਿਛੋਂ ਸੂਬੇਦਾਰ ਦੇ ਹੁਕਮ ਨਾਲ ਦੀਵਾਨ ਲਖਪਤ ਰਾਏ ਨੇ ਭਾਈ ਮਨੀ ਸਿੰਘ ਜੀ ਤੋਂ ਠੇਕੇ ਦੀ ਰਕਮ ਆ ਮੰਗੀ।

ਕਬਿੱਤ

ਮੇੱਲੇ ਦੇ ਜਾਂ ਬੀਤੇ ਦਸ ਦਿਨ ਇਕਰਾਰ ਵਾਲੇ
ਲਖਪਤ ਆਣ ਮਨੀ ਸਿੰਘ ਨੂੰ ਬੁਲਾਇਆ ਜੀ
'ਤਾਰੋ ਝਟ ਠੇਕਾ, ਲਿਖ ਦਿਤਾ ਜੋ ਹਜ਼ਾਰ ਪੰਜ
ਕਿਉਂ ਨਹੀਂ ਤੁਸਾਂ ਆਪ ਹੱਥੀਂ ਆਪਣੀ ਪੁਚਾਇਆ ਜੀ?'
'ਫ਼ੌਜ ਆਈ ਸੁਣ, ਡਰ ਸੰਗਤਾਂ ਨਾ ਆਈਆਂ ਕੋਈ
ਲੱਗਿਆ ਨਾ ਮੇੱਲਾ', ਮਨੀ ਸਿੰਘ ਨੇ ਸੁਣਾਇਆ ਜੀ
ਸੁਣਿਆ ਬਹਾਨਾ ਨਾ ਕੋਈ ਲਖਪਤ 'ਸੀਤਲ' ਜੀ
ਮਾਰ ਕੇ ਜ਼ੰਜੀਰਾਂ ਅੱਗੇ ਭਾਈ ਜੀ ਨੂੰ ਲਾਇਆ ਜੀ

ਭਾਈ ਮਨੀ ਸਿੰਘ ਜੀ ਦਾ ਇਹ ਉਜ਼ਰ ਨਾ ਸੁਣਿਆ ਗਿਆ, ਕਿ ਅਹਿਦਨਾਮੇ ਦੀ ਸ਼ਰਤ ਦੇ ਉਲਟ, ਅੰਮ੍ਰਿਤਸਰ ਵਿਚ ਸ਼ਾਹੀ ਫ਼ੌਜਾਂ ਦੇ ਆ ਜਾਣ ਕਰ ਕੇ ਮੇੱਲਾ ਨਹੀਂ ਲਗਾ ਤੇ ਚੜ੍ਹਾਵਾ ਨਹੀਂ ਆਇਆ। ਕਾਜ਼ੀ ਅਬਦੁੱਰਜ਼ਾਕ ਨੂੰ ਵੀ ਵੱਢੀ ਦਾ ਦੋ ਹਜ਼ਾਰ ਨਹੀਂ ਸੀ ਮਿਲਿਆ। ਏਸ ਵਾਸਤੇ ਉਹ ਆਪਣੀ ਥਾਂ ਬੜਾ ਔਖਾ ਸੀ। ਉਹਨੇ ਵੀ ਕੋਲੋਂ ਲਖਪਤਰਾਏ ਨੂੰ ਬੜਾ ਭੜਕਾਇਆ। ਮੁਕਦੀ ਗੱਲ, ਲਖਪਤ ਨੇ ਭਾਈ ਮਨੀ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਖ਼ਾਨ ਬਹਾਦਰ ਦੀ ਕਚਹਿਰੀ ਵਿਚ ਜਾ ਪੇਸ਼ ਕੀਤਾ। ਸਿੱਖਾਂ ਦਾ ਸਭ ਤੋਂ ਵੱਡਾ ਗ੍ਰੰਥੀ ਹੋਣ ਕਰ ਕੇ, ਮੁਤਅੱਸਬ ਕਾਜ਼ੀ ਤੇ ਮੁੱਲਾਂ ਭਾਈ ਸਾਹਿਬ ਨਾਲ ਬੜੀ ਈਰਖਾ ਰੱਖਦੇ ਸਨ। ਉਹਨਾਂ ਸੂਬੇਦਾਰ ਨੂੰ ਪਹਿਲਾਂ ਹੀ ਬੜਾ ਭੜਕਾ ਛਡਿਆ ਸੀ। ਸੋ, ਕਚਹਿਰੀ ਵਿਚ ਪੇਸ਼ ਹੁੰਦਿਆਂ ਹੀ ਸੂਬੇਦਾਰ ਨੇ ਭਾਈ ਸਾਹਿਬ ਜੀ ਨੂੰ ਧਮਕਾਉਣਾ ਸ਼ੁਰੂ ਕੀਤਾ।

ਸਾਕਾ

ਭਰੀ ਕਚਹਿਰੀ ਵਿਚ ਜਾਂ ਸਿੰਘ ਸਾਹਿਬ ਆਇਆ
ਖ਼ਾਨ ਬਹਾਦਰ ਵੇਖ ਕੇ ਮੱਥੇ ਵੱਟ ਪਾਇਆ
ਕਿਉਂ ਨਹੀਂ ਠੇਕਾ ਤਾਰਿਆ ? ਰੋਹ ਵਿਚ ਫ਼ੁਰਮਾਇਆ
ਕੀ ਜਾਤਾ ਸਰਕਾਰ ਨੂੰ? ਕਿਉਂ ਖ਼ੌਫ਼ ਭੁਲਾਇਆ?
ਇਸ ਆਕੜ ਦਾ ਹੁਣ ਹੀ ਰੰਗ ਜਾਊ ਵਿਖਾਇਆ
ਦੂਣਾ ਠੇਕਾ ਭਰੂੰ ਹੁਣ, ਇਹ ਹੁਕਮ ਸੁਣਾਇਆ

ਮੁਗ਼ਲ ਹਾਕਮਾਂ ਦਾ ਇਹ ਸੁਭਾੱ ਸੀ, ਕਿ ਜੇ ਆਪ ਝੂਠੇ ਹੋਣ, ਤਾਂ ਦੂੱਜੇ ਨੂੰ ਸਗੋਂ ਵਧੇਰੇ ਧਮਕਾਉਣਾ। ਖ਼ਾਨ ਬਹਾਦਰ ਜਾਣਦਾ ਹੋਇਆ ਵੀ ਕਿ ਸਾਡੀ ਫ਼ੌਜ ਦੇ ਜਾਣ ਕਰ ਕੇ ਹੀ ਮੇੱਲਾ ਨਹੀਂ ਲੱਗਾ, ਉਲਟਾ ਭਾਈ ਮਨੀ ਸਿੰਘ ਜੀ ’ਤੇ ਰੁਅਬ ਪਾਉਣ ਲੱਗਾ, ਕਿ ਤੂੰ ਹੁਣ ਤਕ ਆਪਣੇ ਆਪ ਆਣ ਕੇ ਠੇਕੇ ਦੀ ਰਕਮ ਕਿਉਂ ਨਹੀਂ ਤਾਰੀ। ਅੱਗੋਂ ਭਾਈ ਸਾਹਿਬ ਜੀ ਨੇ ਖਰੀ-ਖਰੀ ਕਹਿ ਸੁਣਾਈ।

ਬੈਂਤ

ਮਨੀ ਸਿੰਘ ਨੇ ਮੋੜ ਜਵਾਬ ਦਿੱਤਾ
ਮੇਰੀ ਏਸ ਵਿਚ ਨਹੀਂ ਖ਼ਤਾੱ ਸੂਬੇ
ਪਹਿਲਾਂ ਆਪ ਨੇ ਹੀ ਫ਼ੌਜ ਭੇਜ ਕੇ ਤੇ
ਮੇੱਲਾ ਲੱਗਣੋ ਦਿਤਾ ਹਟਾੱ ਸੂਬੇ
ਲੱਗਾ ਨਹੀਂ ਮੇੱਲਾ, ਨਹੀਂ ਕੋਈ ਚੜ੍ਹਤ ਆਈ
ਕਿੱਥੋਂ ਦਿਆਂ ਮੈਂ ਰਕਮ ਲਿਆ ਸੂਬੇ?
ਡਰਦੀ ਨਹੀਂ ਆਈ ਸੰਗਤ ਦਰਸ਼ਨਾਂ ਨੂੰ
ਖ਼ੌਫ਼ ਸਾਰਿਆਂ 'ਤੇ ਗਿਆ ਛਾੱ ਸੂਬੇ
ਜਿੱਥੇ ਹਾਕਮ ਇਨਸਾਫ਼ ਤੋਂ ਡੋਲ ਜਾਵੇ
ਕਿਉਂ ਨਾ ਪਰਜਾ ਦਾ ਬਦਲੇ ਸੁਭਾੱ ਸੂਬੇ?
ਜੇਕਰ ਆਪ ਇਕਰਾਰ 'ਤੇ ਕਾਇਮ ਰਹਿੰਦੇ
ਦੇਂਦਾ ਮੈਂ ਹਿਸਾਬ ਚੁਕਾੱ ਸੂਬੇ
ਹੁਣ ਤਾਂ ਜਾਨ ਹੀ ਹੈ ਹਾਜ਼ਰ, ਜਿਵੇਂ ਚਾਹੋ
ਲਵੋ ਏਸ ਤਾਈਂ ਆਜ਼ਮਾੱ ਸੂਬੇ
ਧਨ ਕਿੱਥੇ ਫ਼ਕੀਰਾਂ ਦੇ ਕੋਲ? ਬਾਵਾ!
ਪੂੰਜੀ ਸੰਤ ਦੀ ਇਕੋ ਖ਼ੁਦਾ ਸੂਬੇ

ਇਹ ਸੱਚੀ ਗੱਲ ਸੁਣਕੇ ਸੂਬੇਦਾਰ ਨੂੰ ਅੱਗ ਲੱਗ ਉਠੀ। ਉਸ ਸ਼ਖ਼ਸੀ ਹਕੂਮਤ ਦੇ ਹਾਕਮਾਂ ਨੂੰ ਸੱਚ ਸੁਣ ਕੇ ਸਹਾਰਨ ਦੀ ਆਦਤ ਨਹੀਂ ਸੀ। ਓਦੋਂ ਲੋਕ-ਰਾਜ ਨਹੀਂ, ਇਕ ਬੰਦੇ ਦਾ ਰਾਜ ਸੀ, ਤੇ ਜੋ ਉਹ ਕਰੇ, ਉਹ ਇਨਸਾਫ਼। ਇਕਰਾਰਨਾਮੇ ਦੀ ਸ਼ਰਤ ਦੇ ਉਲਟ ਅੰਮ੍ਰਿਤਸਰ ਫ਼ੌਜ ਕਿਉਂ ਭੇਜੀ ਗਈ? ਏਸ ਗੱਲ ਦਾ ਜਵਾਬ ਸੂਬੇਦਾਰ ਕੋਲ ਕੋਈ ਨਹੀਂ ਸੀ। ਪਰ ਭਾਈ ਸਾਹਿਬ ਦਾ ਜੁਰਮ ਤਾਂ ਇਹ ਸੀ, ਕਿ ਉਹ ਅੱਗੋਂ ਬੋੱਲੇ ਹੀ ਕਿਉਂ ਹਨ। ਸੋ, ਖ਼ਾਨ ਬਹਾਦਰ ਬੜੇ ਕ੍ਰੋਧ ਨਾਲ ਕੜਕ ਕੇ ਬੋਲਿਆ:

ਵਾਰ

ਸੱਚ ਸੁਣ ਕੇ ਲੱਗੀ ਅੱਗ ਖ਼ਾਨ ਨੂੰ
ਕੋਲੋਂ ਕਾਜ਼ੀਆਂ ਦਿੱਤਾ ਭੜਕਾ
ਉਹਦੀ ਅੱਖੀਆਂ 'ਚੋਂ ਖ਼ੂੰਨ ਆਣ ਸਿੰਮਿਆਂ
ਲਈਆਂ ਮੱਥੇ 'ਤੇ ਤਿਉੜੀਆਂ ਪਾ
ਵਾਂਗ ਬਿਜਲੀ ਕੜਕ ਕੇ ਬੋਲਿਆ
ਦਿੱਤਾ ਸਾਰੀ ਹੀ ਕਚਹਿਰੀ ਨੂੰ ਕੰਬਾ
ਐਨੀ ਹਿੰਮਤ ਇਕ ਅਦਨਾ ਫ਼ਕੀਰ ਦੀ
ਮੇਰੇ ਅੱਗੇ ਰਿਹਾ ਆਕੜ ਵਿਖਾ
ਠੇਕੇ ਵਾਲੀ ਵੇਖੋ ਰਕਮ ਪਚਾਉਣ ਨੂੰ
ਸਾਡੇ ਉਤੇ ਇਲਜ਼ਾਮ ਰਿਹਾ ਲਾ
ਬੱਸ, ਏਹੋ ਜੇਹੇ ਸਾਧ ਗੁਸਤਾਖ਼ ਦੀ
ਜਾਊ ਬਖ਼ਸ਼ੀ ਨਾ ਕਦੇ ਇਹ ਖ਼ਤਾ
ਇਹਨੂੰ ਸ਼ਰ੍ਹਾ ਵਾਲੀ ਸੂਲੀ ਉਤੇ ਚਾੜ੍ਹ ਕੇ
ਦੇਊਂ ਦੂਜਾ ਮਨਸੂਰ ਬਣਾ
ਕਢੂੰ ਵੇਲਣੇ ਦੇ ਵਿਚ ਦੀ ਪੀੜ ਕੇ
ਇਹਦੀ ਜਾਨ ਤਰਸਾ ਤਰਸਾ
ਇਕੋ ਰਾਹ ਹੈ ਬਚਣ ਦਾ ਮੌਤ ਤੋਂ
ਦੇਵੇ ਕਲਮਾਂ ਰਸੂਲ ਦਾ ਸੁਣਾ
ਨਾਮ ਅੱਲਾ ਦੇ ਬਖ਼ਸ਼ ਦੇਊਂ ਏਸ ਨੂੰ
ਮੰਨ ਲਵੇ ਇਸਲਾਮ ਨਾਲ ਚਾ

ਜੋ ਮੂੰਹ ਆਇਆ, ਖ਼ਾਨ ਬਹਾਦਰ ਕਹੀ ਗਿਆ। ਗੁਨਾਹ ਆਪਣਾ ਤੇ ਸਜ਼ਾ ਦੂਸਰੇ ਨੂੰ, ਏਸ ਕੰਮ ਵਿਚ ਮੁਗ਼ਲ ਹਾਕਮ ਤਾਕ ਸਨ। ਨਾਲੇ ਸਿੱਖ ਨੂੰ ਸਜ਼ਾ ਦੇਣ ਵਾਸਤੇ ਤਾਂ ਏਨਾ ਹੀ ਕਾਫ਼ੀ ਸੀ, ਕਿ ਉਹ ਸਿੱਖ ਹੈ। ਸ਼ਰ੍ਹਾ ਤਾਂ ਕਿਸੇ ਗ਼ੈਰ-ਮੁਸਲਮ ਨੂੰ ਜਿਉਂਦਾ ਵੇਖ ਕੇ ਸੁਖਾਂਦੀ ਹੀ ਨਹੀਂ। ਤੇ ਓਦੋਂ ਸ਼ਰ੍ਹਾ ਸੀ, ਜੋ

ਮੁਫ਼ਤੀ ਦੇ ਮੂੰਹੋਂ ਨਿਕਲੇ। ਬਚਣ ਦਾ ਰਾਹ ਇਕੋ ਸੀ: ਇਸਲਾਮ ਧਾਰਨ ਕਰਨਾ। ਭਾਈ ਮਨੀ ਸਿੰਘ ਜੀ ਦੇ ਸਾਮ੍ਹਣੇ ਵੀ ਏਹਾ ਸਵਾਲ ਰਖਿਆ ਗਿਆ। ਕਾਜ਼ੀ ਤੇ ਬਾਕੀ ਸਲਾਹਕਾਰਾਂ ਵੀ ਭਾਈ ਸਾਹਿਬ ਜੀ ਨੂੰ ਏਹਾ ਸਲਾਹ ਦਿੱਤੀ, ਕਿ ਮੁਸਲਮਾਨ ਹੋ ਕੇ ਜਾਨ ਬਚਾ ਲੈਣ। ਉਹਨਾਂ ਨੂੰ ਇੱਜ਼ਤ ਤੇ ਧਨ ਬਖ਼ਸ਼ਿਆ ਜਾਊ, ਜਿਸ ਤਰ੍ਹਾਂ ਉਹ ਚੰਗਾ ਜੀਵਨ ਬਸਰ ਕਰ ਸਕਣਗੇ। ਨਹੀਂ ਤਾਂ ਮੌਤ ਜਿਸ ਢੰਗ ਦੀ ਆਵੇਗੀ, ਉਸ ਬਾਰੇ ਉਹਨਾਂ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ।

ਇਹ ਸਾਰੀਆਂ ਧਮਕੀਆਂ ਤੇ ਵਿਚਾਰਾਂ ਸੁਣ ਕੇ ਭਾਈ ਸਾਹਿਬ ਜੀ ਨੇ ਅੱਗੋਂ ਉੱਤਰ ਦਿੱਤਾ :

ਸਾਕਾ

ਇਹ ਗੱਲ ਸੁਣ ਕੇ ਮਨੀ ਸਿੰਘ ਇਉਂ ਵਚਨ ਉਚਾਰੇ
ਸੱਚ ਕਹਿਣੋ ਨਹੀਂ ਝਿਜਕਦੇ ਸਤਿਗੁਰ ਦੇ ਪਿਆਰੇ
ਸੂਲੀ 'ਤੇ ਮਨਸੂਰ ਨੇ ਹੱਸ ਲਏ ਹੁਲਾਰੇ
ਸਰਮਦ ਸਿਰ ਕਟਵਾ ਗਿਆ ਪਰ ਬਚਨ ਨਾ ਹਾਰੇ
ਤੱਤੀ ਲੋਹ 'ਤੇ ਬੈਠ ਕੇ ਗੁਰ ਸ਼ੁਕਰ ਗੁਜ਼ਾਰੇ
ਬਲਦਾ ਰੇਤਾ ਪਾਉਣ ਪਏ ਸਿਰ 'ਤੇ ਭਠਿਆਰੇ
ਮਤੀ ਦਾਸ ਗਿਆ ਚੀਰਿਆ ਨਾਲ ਤਿੱਖੇ ਆਰੇ
ਦੇਗ਼ ਦਿਆਲਾ ਉਬਲਿਆ ਨਾ 'ਸੀ' ਉਚਾਰੇ
ਨੀਂਆਂ ਅੰਦਰ ਚਿਣੇ ਗਏ ਦਸਮੇਸ਼ ਦੁਲਾਰੇ
ਦੁਨੀਆਂ ਪੂਜੇ ਧਰਮੀਆਂ ਜੱਸ ਛਾਇਆ ਸਾਰੇ
ਮੈਂ ਵੀ ਓਸੇ ਪੰਥ 'ਚੋਂ ਜੋ ਹੱਸ ਸਿਰ ਵਾਰੇ
ਮੌਤ ਕਬੂਲੇ 'ਸੀਤਲਾ' ਸਿੱਖ ਸਿਦਕ ਨਾ ਹਾਰੇ

ਹਾਂ, ਭਾਈ ਸਾਹਿਬ ਜੀ ਕਹਿੰਦੇ ਗਏ, "ਖ਼ਾਨ ਬਹਾਦਰ! ਜੇ ਅੱਗੇ ਕਦੇ ਕਿਸੇ ਸਿੱਖ ਨੇ ਧਰਮ ਤਿਆਗ ਕੇ ਜਾਨ ਬਚਾਈ ਹੈ, ਤਾਂ ਮੈਥੋਂ ਵੀ ਤੁਸੀਂ ਕੋਈ

ਆਸ ਰਖੋ, ਜੇ ਨਹੀਂ ਤਾਂ ਐਵੇਂ ਵਕਤ ਕਿਉਂ ਗੁਆਉਂਦੇ ਹੋ। ਜੋ ਕਰਨਾ ਹੈ, ਛੇਤੀ ਕਰੋ। ਮੈਂ ਸੱਚਖੰਡ ਆਪਣੇ ਗੁਰੂ ਕੋਲ ਪਹੁੰਚਾਂ ਤੇ ਤੁਸੀਂ ਕਿਸੇ ਹੋਰ 'ਤੇ ਜ਼ੁਲਮ ਕਰਨ ਵਾਲੇ ਬਣੋ। ਖ਼ਾਲਸੇ ਨੂੰ ਮੌਤ ਦਾ ਕੀ ਭੈ? ਤੇ ਮੌਤ ਭਾਵੇਂ ਕਿਸੇ ਢੰਗ ਨਾਲ ਆ ਜਾਵੇ, ਇਸ ਗੱਲ ਦੀ ਕੀ ਚਿੰਤਾ? ਖ਼ਾਲਸਾ ਤਿਆਰ-ਬਰ ਤਿਆਰ ਹੈ।"

ਇਹ ਦਲੇਰੀ ਦੇ ਬਚਨ ਸੁਣ ਕੇ ਤਾਂ ਸਾਰੀ ਕਚਹਿਰੀ ਨੂੰ ਹੀ ਅੱਗ ਲੱਗ ਉਠੀ। ਮੁਫ਼ਤੀ ਨੇ ਕੋਲੋਂ ਫ਼ਤਵਾ ਦੇ ਦਿੱਤਾ, ਕਿ ਭਾਈ ਸਾਹਿਬ ਜੀ ਦੇ ਬੰਦ-ਬੰਦ ਕੱਟੇ ਜਾਣ। ਇਸ ਉੱਤੇ ਸ਼ਾਹੀ ਪਰਵਾਨਗੀ ਦੀ ਮੋਹਰ ਲਾ ਕੇ ਸੂਬੇਦਾਰ ਨੇ ਕਹਿਰ ਵਿਚ ਜੱਲਾਦ ਨੂੰ ਇਉਂ ਹੁਕਮ ਦਿੱਤਾ :

ਵਾਰ

ਗ਼ੁੱਸੇ ਵਿਚ ਆ ਜ਼ਕਰੀਆ ਖ਼ਾਨ ਨੇ
ਦਿੱਤਾ ਹੁਕਮ ਜੱਲਾਦ ਨੂੰ ਬੁਲਾ
ਜਿਹੜਾ ਫ਼ਤਵਾ ਸ਼ਰ੍ਹਾ ਨੇ ਲਾਇਆ ਏਸ 'ਤੇ
ਚੌਣਾ ਕਰ ਕੇ ਦਿਹੋ ਭੁਗਤਾ
ਰਾਜ ਕੇਹੋ ਜੇਹਾ ਹੁੰਦਾ ਇਸਲਾਮ ਦਾ
ਦੇਹੋ ਕਾਫ਼ਰਾਂ ਨੂੰ ਜ਼ਰਾ ਸਮਝਾ
ਜੀਹਨੇ ਮੋਮਨਾਂ ਦੇ ਰਾਜ ਵਿਚ ਵੱਸਣਾ
ਓਟ ਲਵੇ ਉਹ ਰਸੂਲ ਦੀ ਤਕਾ
ਨਹੀਂਗਾ ਬਿਨਾਂ ਇਸਲਾਮ ਕਬੂਲਿਆਂ
ਹੋਣਾ ਕਿਸੇ ਦਾ ਪੰਜਾਬ 'ਚ ਬਚਾ
ਇਹਦੇ ਵਾਸਤੇ ਏਹਾ ਫ਼ੁਰਮਾਨ ਹੈ
ਬੰਦ ਬੰਦ ਇਹਦਾ ਕੱਟਣਾ ਬਣਾ
ਪੋਟੇ ਪੋਟੇ ਤਕ ਇਕ ਇਕ ਜੋੜ ਨੂੰ
ਵੱਖੋ ਵੱਖ ਵਢ ਵੰਡੀਆਂ ਪਾ

ਰਖੂ ਯਾਦ ਕੀ ਮੇਰੇ ਇਨਸਾਫ਼ ਨੂੰ
ਇਹਦਾ ਲਵਾਂ ਮੈਂ ਸਿਦਕ ਅਜ਼ਮਾਂ

ਭਾਈ ਮਨੀ ਸਿੰਘ ਜੀ ਨੂੰ ਇਸ ਅਨੋਖੀ ਸਜ਼ਾਂ ਦਾ ਹੁਕਮ ਸੁਣਾਂ ਦਿੱਤਾ ਗਿਆ। ਇਹ ਖ਼ਬਰ ਲਾਹੌਰ ਨਿਵਾਸੀ ਸਿੱਖਾਂ ਤਕ ਪੁੱਜੀ, ਤਾਂ ਸਾਰੇ ਹਾਹਾਕਾਰ ਮੱਚ ਗਈ। ਅੱਜ ਤਕ ਕਦੇ ਵੀ ਕਿਸੇ ਵੱਡੇ ਤੋਂ ਵੱਡੇ ਗੁਨਾਹੀਂ ਨੂੰ ਬੰਦ-ਬੰਦ ਕੱਟੇ ਜਾਣ ਦੀ ਸਜ਼ਾਂ ਨਹੀਂ ਸੀ ਦਿੱਤੀ ਗਈ। ਤੇ ਸੰਤ ਸਰੂਪ ਭਾਈ ਮਨੀ ਸਿੰਘ ਜੀ ਦਾ ਤਾਂ ਕਸੂਰ ਹੀ ਕੋਈ ਨਹੀਂ ਸੀ। ਹਰਿਮੰਦਰ ਸਾਹਿਬ ਦੇ ਗ੍ਰੰਥੀ ਹੋਣ ਕਰ ਕੇ ਭਾਈ ਸਾਹਿਬ ਜੀ ਦਾ ਸਾਰੇ ਪੰਥ ਵਿਚ ਬੜਾ ਸਤਕਾਰ ਸੀ। ਲਾਹੌਰੀ ਸਿੱਖਾਂ ਨੇ ਸੋਚਿਆ, ਕਿ ਸਰਕਾਰ ਠੇਕੇ ਦੀ ਰਕਮ ਹੀ ਲੈਣਾ ਚਾਹੁੰਦੀ ਹੈ ਨਾਂ। ਸੋ ਉਗਰਾਹੀ ਕਰ ਕੇ ਪੂਰਾ ਕਰ ਦਿਆਂਗੇ। ਕੁਛ ਪਤਵੰਤੇ ਸਿੱਖ ਭਾਈ ਸਾਹਿਬ ਜੀ ਤੋਂ ਏਸ ਕੰਮ ਦੀ ਆਗਿਆ ਲੈਣ ਵਾਸਤੇ ਆ ਪੁੱਜੇ। ਉਹ ਇਉਂ ਬੇਨਤੀ ਕਰਨ ਲੱਗੇ :

ਬੈਂਤ

ਸੁਣ ਕੇ ਸਿੱਖ ਲਾਹੌਰ ਦੇ ਕੰਬ ਉਠੇ
ਡਿੱਗੇ ਮਨੀ ਸਿੰਘ ਦੇ ਚਰਨੀ ਆਇਕੇ ਜੀ
ਕਹਿੰਦੇ : ਦਿਹੋ ਵਿਛੋੜਾ ਨਾ ਪੰਥ ਤਾਈਂ
ਅਜੇ ਹੁਣੇ ਇਹ ਭਾਣਾ ਵਰਤਾਇਕੇ ਜੀ
ਰਕਮ ਠੇਕੇ ਦੀ ਸਣੇ ਜੁਰਮਾਨਿਆਂ ਦੇ
ਤਾਰ ਦੇਂਦੇ ਹਾਂ ਅਸੀਂ ਲਿਆਇਕੇ ਜੀ
ਭਲਾ ਇਸ ਤਰ੍ਹਾਂ ਹੀ ਕਹਿਰ ਟਲੇ ਸਿਰ ਤੋਂ
ਦਿਹੋ ਆਗਿਆ ਰਹਿਮ ਕਮਾਇਕੇ ਜੀ

ਸਿੱਖਾਂ ਦੀ ਇਹ ਬੇਨਤੀ ਸੁਣ ਕੇ ਭਾਈ ਮਨੀ ਸਿੰਘ ਜੀ ਨੇ ਕਿਹਾ, "ਗੁਰੂ ਪਿਆਰੇ ਸਿੱਖੋ! ਕੀ ਤੁਸੀਂ ਸਮਝਦੇ ਹੋ, ਕਿ ਏਸ ਤਰ੍ਹਾਂ ਸਮਾਂ ਟਲ ਜਾਵੇਗਾ? ਯਾਦ ਰਖੋ, ਜ਼ਾਲਮ ਪੈਸੇ ਨਹੀਂ, ਸਾਡੀ ਜਾਨ ਲੈਣਾ ਚਾਹੁੰਦਾ ਹੈ।

ਨਾਲੇ ਮੌਤ ਤੋਂ ਘਬਰਾਉਣਾ ਵੀ ਕਿਸ ਗੱਲੇ? ਸਿੱਖ ਤਾਂ ਮੌਤ ਦੇ ਬਾਅਦ ਅਮਰ ਜੀਵਨ ਪਰਾਪਤ ਕਰ ਲੈਂਦਾ ਏ। ਪੰਥ ਦੇ ਹਿਤ ਇਹ ਸਰੀਰ ਲੱਗ ਜਾਵੇ, ਤਾਂ ਹੋਰ ਕੀ ਚਾਹੀਦਾ ਹੈ? ਕੀ ਉਸ ਮੌਤ ਨੂੰ ਤੁਸੀਂ ਸਤਿਗੁਰ ਦੀ ਕਿਰਪਾ ਨਹੀਂ ਸਮਝਦੇ, ਜਿਸ ਦੀ ਯਾਦ ਪਿਛੋਂ ਜੁੱਗਾਂ ਤੀਕ ਕਾਇਮ ਰਹੇਗੀ? ਆਪ ਮੇਰੀ ਚਿੰਤਾ ਨਾ ਕਰੋ। ਨਾਲੇ ਸਿੱਖਾਂ ਦੀ ਦਸਾਂ ਨੌਹਾਂ ਦੀ ਕਮਾਈ, ਜ਼ਾਲਮ ਦੇ ਘਰ ਪਾ ਕੇ ਮੈਂ ਇਹ ਨਾਸਵੰਦ ਠੀਕਰਾ ਨਹੀਂ ਬਚਾਉਣਾ ਚਾਹੁੰਦਾ। ਸਿੱਖ ਆਤਮ-ਸਰੂਪ ਹੈ, ਆਤਮਾ ਅਮਰ ਹੈ, ਇਸ ਵਾਸਤੇ ਸਿੱਖ ਤਾਂ ਕਦੇ ਮਰਦਾ ਨਹੀਂ। ਤੁਸੀਂ ਕਿਸ ਗੱਲ ਦਾ ਫ਼ਿਕਰ ਕਰਦੇ ਓ? ਮੈਂ ਜ਼ਾਲਮ ਨੂੰ ਧਨ ਦੇ ਕੇ ਜਾਨ ਨਹੀਂ ਬਚਾਉਣੀ, ਤੇ ਨਾ ਉਹਨੇ ਧਨ ਲੈ ਕੇ ਹੀ ਆਪਣੀ ਆਈ ਤੋਂ ਟਲਨਾ ਹੈ।.........।"

ਜੰਗਲਾ

ਮੋੜ ਜਵਾਬ ਦਿੱਤਾ ਸਿੰਘ ਸਾਹਿਬ, ਵਾਹਿਗੁਰੂ ਫ਼ਤਹਿ ਬੁਲੱਾ ਕੇ
ਜ਼ਾਲਮ ਟਲਨ ਲੱਗਾ ਨਹੀਂ ਜ਼ੁਲਮੋ, ਚਾਰ ਗੁਣਾ ਧਨ ਪਾ ਕੇ
ਕਿਉਂ ਨਾ ਫਿਰ ਜਗ ਹੋਈਏ ਸੁਰਖ਼ਰੂ, ਸੀਸ ਧਰਮ ਹਿਤ ਲਾ ਕੇ
ਨਾਲੇ ਸਿੱਖ ਡਰੇ ਕਿਉਂ ਮੌਤੋਂ, ਅੰਮ੍ਰਿਤ ਗੁਰ 'ਤੇ ਪਾ ਕੇ

ਭਾਈ ਸਾਹਿਬ ਜੀ ਨੂੰ ਨਖ਼ਾਸ ਚੌਂਕ (ਲਾਹੌਰ) ਦੀ ਕਤਲਗਾਹ ਵਿਚ ਲਿਆਂਦਾ ਗਿਆ। ਸਾਦਿਕ ਦਾ ਇਮਤਿਹਾਨ ਹੁੰਦਾ ਵੇਖਣ ਵਾਸਤੇ ਖ਼ਲਕਤ ਕੱਠੀ ਹੋਈ-ਹੋਈ ਸੀ। ਭਾਈ ਸਾਹਿਬ ਜੀ ਚੌਂਕੜੀ ਮਾਰ ਕੇ ਬੈਠ ਗਏ। ਜੱਲਾਦ ਨੇ ਛੁਰੀ ਉਠਾਈ ਤੇ ਪਹਿਲਾ ਵਾਰ ਗੁੱਟ 'ਤੇ ਕਰਨ ਲੱਗਾ। ਭਾਈ ਸਾਹਿਬ ਜੀ ਨੇ ਹੱਥ ਪਿਛੇ ਕਰ ਲਿਆ। ਜੱਲਾਦ ਨੇ ਕਿਹਾ,"ਬੱਸ ? ਏਨਾ ਈ ਮਾਣ ਸੀ ਆਪਣੇ ਸਿਦਕ ਉੱਤੇ? ਅਜੇ ਤਾਂ ਮੈਂ ਪਹਿਲਾ ਵਾਰ ਹੀ ਕਰਨ ਲੱਗਾ ਸਾਂ, ਤੇ ਹੁਣੇ ਘਬਰੱਾ ਗਏ? ਮਰਨ ਨੂੰ ਚਿੱਤ ਨਹੀਂ ਕਰਦਾ, ਤਾਂ ਇਸਲਾਮ ਧਾਰਨ ਕਰ ਕੇ ਜਾਨ ਬਚੱਾ ਲਵੋ।"

ਭਾਈ ਸਾਹਿਬ ਜੀ ਨੇ ਓਸੇ ਤਰ੍ਹਾਂ ਗੰਭੀਰ ਭਾਵ ਨਾਲ ਕਿਹਾ,"ਭਾਈ ! ਅਸੀਂ ਮੌਤ ਤੋਂ ਨਹੀਂ ਡਰੇ। ਮੌਤ ਤਾਂ ਸਾਡੀ ਖਿਡਾਵੀ ਹੈ, ਜੋ ਪੁਰਾਣਾ ਚੋਲਾ

(ਸਰੀਰ) ਲਾਹ ਕੇ ਨਵਾਂ ਪਹਿਨਾੱ ਦੇਂਦੀ ਹੈ। ਨਾ ਤੇਰੇ ਤੇਜ਼ ਹਥਿਆਰਾਂ ਦੇ ਦੁੱਖ ਤੋਂ ਘਬਰਾਏ ਹਾਂ, ਕਿਉਂਕਿ ਦੁੱਖ ਸਰੀਰ ਨੂੰ ਹੈ, ਤੇ ਸਿੱਖ 'ਜੋਤਿ ਸਰੂਪ' ਹੈ। ਅਸੀਂ ਤਾਂ ਇਸ ਵਾਸਤੇ ਹੱਥ ਪਿਛੇ ਕੀਤਾ ਹੈ, ਕਿ ਤੂੰ ਆਪਣੇ ਮਾਲਕ ਦੀ ਹੁਕਮ ਅਦੂਲੀ ਕਰਨ ਲੱਗਾ ਸੈਂ। ਤੂੰ ਪਹਿਲਾ ਵਾਰ ਹੀ ਗੁੱਟ 'ਤੇ ਕਰਨ ਲੱਗਾ ਸੈਂ, ਪਰ ਤੇਰੇ ਮਾਲਕਾਂ ਦਾ ਹੁਕਮ ਹੈ, ਕਿ ਬੰਦ-ਬੰਦ ਕਟਣੇ ਹਨ। ਵੇਖ, ਗੁੱਟ ਤੋਂ ਪਹਿਲਾਂ ਇਕ-ਇਕ ਉਂਗਲ ਵਿਚ ਕਿੰਨੇ-ਕਿੰਨੇ ਜੋੜ ਹਨ ? ਸੋ, ਹੁਕਮ ਦੀ ਪਾਲਣਾ ਕਰ, ਭਈ!"

ਮਿਰਜ਼ਾ

ਮਨੀ ਸਿੰਘ ਜੀ ਨੇ ਆਖਿਆ ਜੱਲਾਦ ਨੂੰ
ਜ਼ਰਾ ਸੰਭਲ ਕੇ ਵਾਰ ਚਲੱਾ
ਦਿੱਤਾ ਹੁਕਮ, ਜੋ ਤੇਰਿਆਂ ਮਾਲਕਾਂ
ਨੇਕ ਨੀਅਤ ਨਾਂ ਓਸਨੂੰ ਨਿਭੱਾ
ਤੈਨੂੰ ਬੰਦ ਬੰਦ ਕੱਟਣੇ ਦੀ ਆੱਗਿਆ
ਅੱਖਰ ਅੱਖਰ ਉਹ ਪੂਰਾ ਭੁਗਤੱਾ
ਪੋਟੇ ਤਿੰਨ ਤਿੰਨ ਉਂਗਲਾਂ ਦੇ ਛਡ ਕੇ
ਵਾਰ ਪਹਿਲਾ ਹੀ ਨਾ ਗੁੱਟ 'ਤੇ ਚਲੱਾ
ਮੇਰਾ ਜਿੱਥੇ ਜਿੱਥੇ ਜੋੜ ਹੈ ਸਰੀਰ ਦਾ
ਵੱਢ ਵੱਢ ਵੱਖੋ ਵੱਖਰਾ ਟਿਕੱਾ
ਤੇਗ਼ ਆਪਣੀ ਦੀ ਧਾਰ ਤੂੰ ਪਰਖ ਲੈ
ਸਿੱਖੀ ਆਪਣੀ ਲਵਾਂ ਮੈਂ ਅਜ਼ਮੱਾ

ਏਨੀ ਸੁਣ ਕੇ ਵੇਖਣ ਵਾਲੇ ਦੰਗ ਰਹਿ ਗਏ। ਪਰ ਜੱਲਾਦ ਨੂੰ ਸਗੋਂ ਗ਼ੁੱਸਾ ਆ ਗਿਆ। ਜੱਲਾਦ ਦੇ ਦਿਲ ਵਿਚ ਦਇਆ ਨਹੀਂ ਹੁੰਦੀ। ਦਇਆ ਹੋਵੇ, ਤਾਂ ਉਹ ਅਜੇਹਾ ਪੇਸ਼ਾ ਹੀ ਕਿਉਂ ਅਖ਼ਤਿਆਰ ਕਰੇ ? ਸ਼ਕਾਰ ਸ਼ਕਾਰੀ ਨੂੰ ਵੰਗਾਰੇ, ਤਾਂ ਉਹਦੇ ਤਰਕਸ਼ ਦੇ ਤੀਰ ਸਗੋਂ ਜ਼ਹਿਰੀਲੇ ਹੋ ਜਾਇਆ ਕਰਦੇ ਹਨ।

ਹੁਣ ਦੋਵੇਂ ਧਿਰਾਂ ਤਿਆਰ ਹੋ ਗਈਆਂ। ਭਾਈ ਸਾਹਿਬ ਜੀ ਸਮਾਧੀ ਲਾ ਕੇ 'ਜਪੁਜੀ' ਸਾਹਿਬ ਦਾ ਪਾਠ ਕਰਨ ਲੱਗ ਪਏ ਤੇ ਜੱਲਾਦ ਨੇ ਆਪਣਾ ਕੰਮ ਆਰੰਭ ਕਰ ਦਿੱਤਾ।

ਗੱਡੀ

ਏਨੀ ਸੁਣ ਕੇ ਕ੍ਰੋਧ ਨਾਂ ਜੱਲਾਦ ਨੇ
ਤੇਜ਼ ਕਰ ਲਈਆਂ ਛੁਰੀਆਂ
ਕਹਿੰਦਾ : 'ਸਾਵਧਾਨ ਹੋ ਜੌ ਸਿੰਘ ਸਾਹਿਬ ਜੀ
ਸਿੱਖੀ ਦੀ ਪਰੀਖਿਆ ਲਈ'
ਸਿੰਘ 'ਸਤਿ ਕਰਤਾਰ' ਮੁਖੋਂ ਬੋਲ ਕੇ
ਸੱਜਾ ਹੱਥ ਅੱਗੇ ਕਢਿਆ
ਪਾਠ 'ਜਪੁਜੀ' ਦਾ ਸੁਰਤ ਟਿਕਾ ਕੇ
ਲੱਗ ਪਏ ਕਰਨ ਸਿੰਘ ਜੀ
ਆ ਕੇ ਕਹਿਰ ਵਿਚ ਓਧਰੋਂ ਜੱਲਾਦ ਨੇ
ਸ਼ੁਰੂ ਕੀਤਾ ਕੰਮ ਆਪਣਾ
ਪਹਿਲਾਂ ਇਕ ਇਕ ਪੋਟਾ ਉਂਗਲੀ ਦਾ
ਤੇਜ਼ ਛੁਰੀ ਨਾਲ ਕੱਟਿਆ
ਚੌਦਾਂ ਟੁਕੜੇ ਪੰਜੇ ਦੇ ਹੋ ਗਏ
ਵਾਰੀ ਆਈ ਫੇਰ ਗੁੱਟ ਦੀ
ਵਾਰ ਸੋਲ੍ਹਵਾਂ ਅਰਕ 'ਤੇ ਕੀਤਾ
ਫੇਰ ਲਾਹੀ ਬਾਂਹ ਮੋਢਿਓਂ
ਏਸ ਤਰ੍ਹਾਂ ਫੇਰ ਬਾਂਹ ਦੂਸਰੀ ਦੇ
ਕਰਦਾ ਸਤਾਰਾਂ ਟੁਕੜੇ
ਫੇਰ ਪੈਰਾਂ ਵੱਲੋਂ ਵਾਰੀ ਵਾਰੀ ਲੱਗ ਕੇ
ਧੜ ਤਕ ਆਣ ਪੁਜਿਆ
ਪਰ 'ਸੀ' ਨਾ ਸੂਰਮੇ ਬੋੱਲੀ

ਮੱਥੇ ਉੱਤੇ ਪਿਆ ਵੱਟ ਨਾ
ਟਿਕੀ ਸੁਰਤ ਰਹੀ ਗੁਰ ਚਰਨੀਂ
ਟੁੱਟੀ ਨਾ ਸਮਾਧੀ ਸੰਤ ਦੀ
ਹੋਇਆ ਪਾਠ 'ਜਪੁਜੀ' ਦਾ ਪੂਰਾ
'ਕੇਤੀ ਛੁਟੀ ਨਾਲਿ' ਜਾਂ ਕਹੀ
ਤੇਗ਼ ਜ਼ੋਰ ਦੀ ਜੱਲਾਦ ਚਲਾਈ
ਧੜੋਂ ਸੀਸ ਵੱਖ ਹੋ ਗਿਆ
ਇਉਂ ਸੂਰਮਾਂ ਅਨੋਖੀ ਘਾਲ ਘਾਲਦਾ
ਸੱਚਖੰਡ ਜਾ ਵੱਸਿਆ
ਪਿਆਰਿਆ ! ਪਿਆਰਿਆ !
ਪੰਥ ਦੀ ਅਮਾਨ ਜਾਣ ਕੇ ਸੀਸ ਵਾਰਿਆ

ਬੰਦ-ਬੰਦ ਕੱਟੇ ਗਏ, ਪਰ ਸਿਦਕੀ ਨੇ 'ਸੀ' ਨਾ ਉਚਾਰੀ। ਸ਼ਹੀਦਾਂ ਦੇ ਇਤਿਹਾਸ ਵਿਚ ਇਹ ਅਨੋਖੀ ਕੁਰਬਾਨੀ ਸੀ। ਇਹ ਘਟਨਾ ਨਖ਼ਾਸ ਚੌਂਕ (ਲਾਹੌਰ) ਵਿਚ ਮੱਘਰ ਸੁਦੀ ਪੰਜ, ੧੭੦੫ ਬਿ. (੧੭੩੮ ਈ.) ਨੂੰ ਹੋਈ। ਲਾਹੌਰ ਦੇ ਸਿੱਖਾਂ ਵੱਲੋਂ ਭਾਈ ਸਾਹਿਬ ਜੀ ਦੇ ਟੁਕੜੇ ਹੋ ਚੁਕੇ ਸਰੀਰ ਦਾ ਸਸਕਾਰ ਸ਼ਾਹੀ ਕਿਲ੍ਹੇ ਦੇ ਚੜ੍ਹਦੇ ਬੂਹੇ ਦੇ ਸਾਹਮਣੇ ਕੀਤਾ ਗਿਆ। ਓਸੇ ਥਾਂ 'ਤੇ ਅਜੇ ਤਕ ਭਾਈ ਸਾਹਿਬ ਜੀ ਦੀ ਸਮਾਧ (ਬਣੀ ਹੋਈ) ਖਲੀ ਹੈ।

ਏਸ ਸ਼ਹੀਦੀ ਨੇ ਸਿੱਖਾਂ ਅੰਦਰ ਨਵੇਂ ਸਿਰਿਓਂ ਜੋਸ਼ ਪੈਦਾ ਕਰ ਦਿੱਤਾ। ਕਿਸੇ ਵੀ ਕੌਮ ਉੱਤੇ ਨਵਾਂ ਜੀਵਨ ਆਉਂਦਾ ਹੈ, ਤਾਂ ਸ਼ਹੀਦਾਂ ਦੇ ਪਵਿੱਤਰ ਲਹੂ ਨਾਲ ਸਿੰਜੀ ਜਾ ਕੇ ਹੀ। ਭਾਈ ਮਨੀ ਸਿੰਘ ਜੀ ਸਾਰੇ ਪੰਥ ਵਿਚ ਪੂਰਨ ਸੰਤ ਕਰਕੇ ਮੰਨੇ ਜਾਂਦੇ ਸਨ। ਹਰ ਇਕ ਸਿੱਖ ਦੇ ਦਿਲ ਵਿਚ ਉਹਨਾਂ ਲਈ ਅਥਾਹ ਸ਼ਰਧਾ ਸੀ। ਭਾਈ ਸਾਹਿਬ ਜੀ ਨੂੰ ਦਿੱਤੇ ਗਏ ਅਕਹਿ ਤਸੀਹਾਂ ਦੀ ਖ਼ਬਰ ਅੱਗ ਵਾਂਗ ਸਾਰੇ ਪੰਥ ਵਿਚ ਖਿਲਰ ਗਈ। ਜੁਆਨਾਂ ਨੇ ਤਲਵਾਰਾਂ ਸੰਭਾਲੀਆਂ ਤੇ ਥਾਂ-ਥਾਂ ਮਾਰ ਧਾੜ ਸ਼ੁਰੂ ਕਰ ਦਿੱਤੀ। ਕਾਜ਼ੀ ਅਬਦੁੱਰਜ਼ਾਕ ਨੂੰ ਸ. ਅਘੜ ਸਿੰਘ ਨੇ ਕਤਲ ਕੀਤਾ। ਸਿੰਘਾਂ ਨੇ ਕਾਜ਼ੀ ਦਾ ਪਿੰਡ ਅਲੀਗੜ੍ਹ (ਜ਼ਿਲ੍ਹਾ ਗੁਜਰਾਂਵਾਲਾ) ਉਜਾੜ ਕੇ ਉਸ ਦਾ ਨਾਂ 'ਅਕਾਲ ਗੜ੍ਹ' ਰਖ

ਦਿੱਤਾ। ਫ਼ਤਵਾ ਦੇਣ ਵਾਲੇ ਕਾਜ਼ੀ ਨੂੰ ਸ. ਥਰਾਜ ਸਿੰਘ ਨੇ ਕਤਲ ਕਰ ਦਿੱਤਾ। ਸਿੰਘਾਂ ਨੇ ਸੂਬੇਦਾਰ ਖ਼ਾਨ ਬਹਾਦਰ ਨੂੰ ਵੀ ਕਤਲ ਕਰਨ ਦੀ ਗੋਂਦ ਗੁੰਦੀ, ਪਰ ਉਹ ਨੇਪਰੇ ਨਾ ਚੜ੍ਹੀ। ਥੋੜ੍ਹੇ ਸ਼ਬਦਾਂ ਵਿਚ ਏਨਾ ਕਹਿਣਾ ਹੀ ਕਾਫ਼ੀ ਹੈ, ਕਿ ਏਸ ਸ਼ਹੀਦੀ ਪਿਛੋਂ ਸਿੰਘ ਅਜੇਹੇ ਭੜਕੇ, ਕਿ ਹਕੂਮਤ ਤੋਂ ਫੇਰ ਕਾਬੂ ਨਾ ਆਏ।

ਸੋ, ਇਸ ਸ਼ਹੀਦੀ ਨੇ ਸਿੱਖੀ ਨੂੰ ਨਵਾਂ ਉਤਸ਼ਾਹ ਬਖ਼ਸ਼ਿਆ।

ਪ੍ਰਸੰਗ ਲਿਖਿਆ ੪-੪-੫੦ ਈ:

੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਸ਼ਹੀਦੀ

ਬਾਬਾ ਗੁਰਬਖ਼ਸ਼ ਸਿੰਘ ਜੀ

ਨਜੀਬੁੱਦੌਲਾ, ਮੁਰਾਦ ਬੇਗਮ (ਮੀਰ ਮੰਨੂੰ ਦੀ ਬੇਗਮ) ਤੇ ਬਾਦਸ਼ਾਹ ਆਲਮਗੀਰ (ਦੂਜਾ) ਦਾ ਬੁਲਾਇਆ, ਅਹਿਮਦ ਸ਼ਾਹ ਚੌਥੀ ਵਾਰ ਹਿੰਦੁਸਤਾਨ ਉੱਤੇ ਚੜ੍ਹ ਆਇਆ।

ਸਾਕਾ

ਚੜ੍ਹਿਆ ਅਹਿਮਦ ਕਾਬਲੀ ਲੈ ਫ਼ੌਜ ਸਵਾਈ
ਵਸਦੇ ਦੇਸ ਪੰਜਾਬ ਦੀ ਉਸ ਖ਼ਾਕ ਉਡਾਈ
ਜਾ ਕੇ ਦਿੱਲੀ ਸ਼ਹਿਰ ਵਿਚ ਉਸ ਲੁੱਟ ਮਚਾਈ
ਓਥੋਂ ਬੱਧੀ ਚਾਰ ਸੌ ਮੁਗ਼ਲਾਂ ਦੀ ਜਾਈ*
ਸ਼ਾਨ ਅਕਬਰੀ ਓਸ ਨੇ ਵਿਚ ਖ਼ਾਕ ਮਿਲਾਈ
ਲੁੱਟੇ ਮਥਰਾ, ਆਗਰਾ ਕਰ ਖ਼ੂਬ ਸਫ਼ਾਈ
ਮਨ ਆਈਆਂ ਕਰ, ਦੇਸ ਨੂੰ ਜਦ ਵਾਗ ਭੁਆਈ
ਸਿੰਘਾਂ ਨੇ ਵੀ ਆਣ ਕੇ ਤਦ ਸ਼ਕਲ ਵਿਖਾਈ
ਫ਼ੌਜ ਦੁਰਾਨੀ ਲੁੱਟ ਲਈ ਚੰਡੀ ਚਮਕਾਈ
ਟੱਕਰੇ ਚੰਗੇ ਮਰਦ ਬਣ, ਵਾਹ ! ਰੱਖ ਵਿਖਾਈ

ਦਿੱਲੀ, ਮਥਰਾ, ਆਗਰਾ ਆਦਿ ਸ਼ਹਿਰ ਲੁੱਟ ਕੇ ਅਹਿਮਦ ਸ਼ਾਹ ਅਬਦਾਲੀ ਵਾਪਸ ਮੁੜਿਆ, ਤਾਂ ਸਿੰਘਾਂ ਨੇ ਰਾਤ ਛਾਪੇ ਮਾਰ-ਮਾਰ ਕੇ ਉਹਦੀ ਬਹੁਤ

* ਵੇਖੋ 'ਸਿੱਖ ਰਾਜ ਕਿਵੇਂ ਬਣਿਆਂ ?'

ਸਾਰੀ ਫ਼ੌਜ ਲੁੱਟ ਲਈ। ਲਾਹੌਰ ਪਹੁੰਚ ਕੇ ਅਬਦਾਲੀ ਨੂੰ ਸਾਰੀਆਂ ਖ਼ਬਰਾਂ ਮਿਲੀਆਂ, ਤਾਂ ਉਹਨੂੰ ਗ਼ੁੱਸੇ ਨਾਲ ਅੱਗ ਲੱਗ ਉਠੀ। ਉਸ ਨੇ ਲਾਹੌਰ ਦਾ ਸੂਬੇਦਾਰ ਆਪਣਾ ਪੁੱਤਰ ਸ਼ਾਹਜ਼ਾਦਾ ਤੈਮੂਰ ਨੂੰ ਬਣਾਇਆ ਤੇ ਜਹਾਨ ਖ਼ਾਂ ਨੂੰ ਉਸਦਾ ਨਾਇਬ ਤੇ ਸੈਨਾਪਤੀ। ਉਹਨੇ ਦਸ ਹਜ਼ਾਰ ਦੁਰਾਨੀ ਫ਼ੌਜ ਦੇ ਕੇ ਦੋਹਾਂ ਨੂੰ ਇਉਂ ਹੁਕਮ ਦਿਤਾ :

ਮਿਰਜ਼ਾ

ਹਾਲ ਸੁਣ ਕੇ ਸਿੰਘਾਂ ਦੀ ਲੁੱਟ-ਮਾਰ ਦਾ
ਗ਼ੁੱਸਾ ਗਿਆ ਅਬਦਾਲੀ ਤਾਈਂ ਆ
ਉਹਨੇ ਆਪਣੇ ਸ਼ਾਹਜ਼ਾਦੇ ਤੈਮੂਰ ਨੂੰ
ਦਿੱਤਾ ਨਾਜ਼ਮ ਲਾਹੌਰ ਦਾ ਬਣਾ
ਸੈਨਾਪਤੀ ਉਹਦਾ ਥਾਪਿਆ ਜਹਾਨ ਖ਼ਾਨ
ਦਿੱਤਾ ਦੋਹਾਂ ਤਾਈਂ ਹੁਕਮ ਸੁਣਾ
ਫ਼ੌਜ ਗਸ਼ਤੀ ਪਿੰਡਾਂ ਦੇ ਵਿਚ ਭੇਜ ਕੇ
ਦਿਹੋ ਸਿੱਖਾਂ ਦਾ ਨਸ਼ਾਨ ਮਿਟਾ
ਛਾਪੇ ਮਾਰ ਇਹਨਾਂ ਫ਼ੌਜ ਮੇਰੀ ਲੁੱਟ ਲਈ
ਖ਼ੌਫ਼ ਦਿੱਤਾ ਮੇਰਾ ਜਿਉਂਦੇ ਦਾ ਭੁਲਾ
ਆਕੀ ਛਡਿਆ ਮੈਂ ਕੋਈ ਨਾ ਵਿਚ ਦੇਸ ਦੇ
ਕਿੱਥੋਂ ਗਏ ਇਹ ਸ਼ਰੀਕ ਮੇਰੇ ਆ
ਘਰ ਘਾਟ ਇਹਨਾਂ ਕਾਫ਼ਰਾਂ ਦੇ ਸਾੜ ਕੇ
ਦਿਹੋ ਪੌਣ ਵਿਚ ਖ਼ਾਕ ਉਡਾ
ਨਾਮ ਲੈਣ ਜੋਗਾ ਕੋਈ ਨਾ ਪਿਛੇ ਛਡਣਾ
ਦਿਹੋ ਕੌਮ ਹੀ ਸਮੂਲ 'ਚੋਂ ਮੁਕਾ

ਇਹ ਹੁਕਮ ਦੇ ਕੇ ਅਹਿਮਦ ਸ਼ਾਹ ਅਬਦਾਲੀ ਅਫ਼ਗ਼ਾਨਸਤਾਨ ਨੂੰ ਚਲਾ ਗਿਆ। ਪਿਛੋਂ ਜਹਾਨ ਖ਼ਾਂ ਨੇ ਲਾਹੌਰ ਵਿਚ ਹਕੂਮਤ ਪੱਕੀ ਕਰ ਕੇ, ਸਿੱਖਾਂ ਦੀ ਤਬਾਹੀ ਦੇ ਢੰਗ ਸੋਚਣੇ ਸ਼ੁਰੂ ਕੀਤੇ। ਸ਼ਹਿਰ ਦੇ ਨਾਮਵਾਰ ਮੁਸਲਮਾਨ

ਤੇ ਇਲਾਕੇ ਦੇ ਚੌਧਰੀ ਸੱਦ ਕੇ ਉਹਨੇ ਸਿੱਖਾਂ ਦੇ ਮੁਕਾਉਣ ਦੀ ਇਉਂ ਕਸਮ ਖਾਧੀ :

ਵਾਰ

ਹਰਿਆ ਚੋਗਾ ਪਹਿਨ ਕੇ ਹੱਥ ਮਹਿੰਦੀ ਲਾ ਕੇ
ਖਾਧੀ ਕਸਮ ਜਹਾਨ ਖ਼ਾਂ ਫਿਰ ਤੇਗ ਉਠਾ ਕੇ
ਕਹਿੰਦਾ : ਸ਼ਸਤਰ ਧਰਾਂਗਾ ਸਿੱਖ-ਪੰਥ ਮੁਕਾ ਕੇ
ਸਾੜਾਂ ਝੰਡਾ ਕੇਸਰੀ ਮੈਂ ਅੱਗ ਵਿਚ ਪਾ ਕੇ
ਕੇਸਾਧਾਰੀ ਸਿਰਾਂ ਦੇ ਮੈਂ ਧੜੇ ਬਣਾ ਕੇ
ਪੜ੍ਹਾਂ ਨਮਾਜ਼ ਗਸੂਲ ਦੀ ਰੱਤ ਵਿਚ ਨਹਾ ਕੇ

ਜਹਾਨ ਖ਼ਾਨ ਦੀਆਂ ਇਹ ਜੋਸ਼ੀਲੀਆਂ ਗੱਲਾਂ ਸੁਣ ਕੇ ਮੁਸਲਮਾਨ ਚੌਧਰੀ ਭੜਕ ਉਠੇ। ਮੌਲਵੀਆਂ ਨੇ 'ਕੁਫਰ ਤੇ ਇਸਲਾਮ' ਦਾ ਝਗੜਾ ਛੇੜ ਕੇ ਸਗੋਂ ਬਲਦੀ 'ਤੇ ਤੇਲ ਪਾ ਦਿੱਤਾ। ਸਾਰੇ ਇਲਾਕੇ ਦੇ ਮੁਸਲਮਾਨਾਂ ਨੇ ਸਿੱਖਾਂ ਦੇ ਖ਼ਤਮ ਕਰਨ ਲਈ ਕਸਮਾਂ ਖਾਧੀਆਂ। ਏਸ ਮਦਦ ਨਾਲ ਜਹਾਨ ਖ਼ਾਂ ਨੂੰ ਬੜਾ ਹੌਸਲਾ ਹੋਇਆ। ਦਸ ਹਜ਼ਾਰ ਫ਼ੌਜ ਉਸ ਕੋਲ ਦੁਰਾਨੀਆਂ ਦੀ ਸੀ, ਲੋੜ ਅਨੁਸਾਰ ਹੋਰ ਪੰਜਾਬੀ ਮੁਸਲਮਾਨ ਭਰਤੀ ਕਰ ਲਏ। ਸਿੱਖਾਂ ਦੇ ਨਾਸ ਲਈ ਗਸ਼ਤੀ ਫ਼ੌਜ ਤਿਆਰ ਕਰ ਕੇ ਉਹਨੇ ਇਉਂ ਹੁਕਮ ਦਿਤਾ :

ਕਬਿੱਤ

ਚਾੜ੍ਹੀ ਫ਼ੌਜ ਗਸ਼ਤੀ ਜਹਾਨ ਖ਼ਾਂ ਹੁਕਮ ਦੇ ਕੇ
ਕਾਫ਼ਰਾਂ 'ਤੇ (ਕਹਿੰਦਾ) ਕਹਿਰ ਰੱਜ ਕੇ ਕਮਾਇਆ ਜਾਵੇ
ਬਿਰਧ, ਜੁਆਨ, ਬਾਲ, ਆਵੇ ਜੋ ਨਜ਼ਰ ਸਿੱਖ
ਬਿਨਾਂ ਕਿਸੇ ਦੇਰ ਧਾਰ ਤੇਗ ਦੀ ਲੰਘਾਇਆ ਜਾਵੇ
ਘਰ ਬਾਰ ਸਿੱਖਾਂ ਦਾ ਜਾਂ ਸਿੱਖਾਂ ਦੇ ਸੰਬੰਧੀਆਂ ਦਾ
ਲੁੱਟ ਪੁਟ ਅੱਗ ਲਾ ਕੇ ਖ਼ਾਕ 'ਚ ਮਿਲਾਇਆ ਜਾਵੇ

ਬਹੁਤੀ ਕਾਹਦੀ ਗੱਲ, ਏਸ ਮੋਮਨਾਂ ਦੇ ਰਾਜ ਵਿਚੋਂ
ਨਾਮ ਤੇ ਨਸ਼ਾਨ ਸਿੱਖ ਕੌਮ ਦਾ ਮਿਟਾਇਆ ਜਾਵੇ

ਮਜ਼੍ਹਬ ਦੇ ਨਾਂ ਉੱਤੇ ਜਿੰਨਾ ਇਸਲਾਮ ਭੜਕਦਾ ਹੈ, ਹੋਰ ਕੋਈ ਫ਼ਿਰਕਾ ਨਹੀਂ। ਸੋ, ਹਜ਼ਾਰਾਂ ਮੁਸਲਮਾਨ ਸਰਕਾਰੀ ਫ਼ੌਜਾਂ ਨਾਲ ਮਿਲ ਗਏ ਤੇ ਪਿੰਡਾਂ ਵਿਚ ਸਿੱਖਾਂ ਦੀ ਤਬਾਹੀ ਕਰਨ ਲੱਗੇ। ਸਭ ਤੋਂ ਸੌਖਾ ਕੰਮ ਸਰਕਾਰ ਦਾ ਸਾਥ ਦੇਣਾ ਹੁੰਦਾ ਹੈ। ਏਸੇ ਕਾਰਨ ਬਹੁਤੇ ਲੋਕ ਬਿਨਾਂ ਸੋਚੇ ਸਮਝੇ ਹੀ ਸਿੱਖਾਂ ਦੇ ਵੈਰੀ ਬਣ ਗਏ। ਗਸ਼ਤੀ ਫ਼ੌਜ ਨੇ ਸਿੱਖਾਂ ਉੱਤੇ ਮਨ ਭਾਉਂਦੇ ਜ਼ੁਲਮ ਕਰਨੇ ਆਰੰਭ ਦਿੱਤੇ।

ਬੈਂਤ

ਗਸ਼ਤੀ ਫ਼ੌਜ ਪਿੰਡਾਂ ਵਿਚ ਫਿਰਨ ਲਗੀ
ਸਮਾਂ ਸਿੰਘਾਂ ਲਈ ਕਸ਼ਟ ਦਾ ਆਇਆ ਜੀ
ਵਿਚ ਘਰਾਂ ਦੇ ਵੱਸਣਾ ਕਠਨ ਹੋਇਆ
ਵੈਰੀ ਕਈਆਂ ਨੂੰ ਮਾਰ ਮੁਕਾਇਆ ਜੀ
ਕੋਈ ਫੜੇ ਗਏ, ਕਈਆਂ ਦੇ ਘਰ ਸੜ ਗਏ
ਥੋੜ੍ਹਾ ਬਹੁਤ ਦੁਖ ਸਾਰਿਆਂ ਪਾਇਆ ਜੀ
ਔਖਾ ਹੋ ਗਿਆ ਜਾਂ ਰਹਿਣਾ ਘਰਾਂ ਅੰਦਰ
ਸਿੰਘਾਂ ਜੰਗਲੀਂ ਜਾ ਡੇਰਾ ਲਾਇਆ ਜੀ
ਕੁਛ ਲੁਕੇ ਪਹਾੜਾਂ ਦੇ ਵਿਚ ਜਾ ਕੇ
ਕਈਆਂ ਮਾਲਵੇ ਝੱਟ ਟਪਾਇਆ ਜੀ
ਪਿਛੇ ਗਿਣਤੀ ਦੇ ਕੁਛ ਅੰਮ੍ਰਿਤਸਰ ਰਹਿ ਗਏ
ਸਮਾਂ ਉਹਨਾਂ ਲਈ ਪਰਖ ਦਾ ਆਇਆ ਜੀ

ਗਸ਼ਤੀ ਫ਼ੌਜ ਨੇ ਸਿੱਖਾਂ ਦਾ ਪਿੰਡਾਂ ਵਿਚ ਰਹਿਣਾ ਔਖਾ ਕਰ ਦਿੱਤਾ। ਕੋਈਆਂ ਥਾਂਵਾਂ 'ਤੇ ਮੁਠਭੇੜ ਵੀ ਹੋਈ। ਸੈਂਕੜੇ ਸਿੱਖ ਸ਼ਹੀਦ ਹੋ ਗਏ। ਕੋਈਆਂ ਦੇ ਘਰ ਬਾਰ ਲੁੱਟੇ ਤੇ ਸਾੜੇ ਗਏ। ਅੰਤ ਪਿੰਡਾਂ ਨੂੰ ਛੱਡਕੇ ਸਿੰਘਾਂ ਨੇ

ਜੰਗਲਾਂ ਦਾ ਆਸਰਾ ਲਿਆ। ਘੱਟ ਸੰਘਣੇ ਜੰਗਲਾਂ ਵਿਚ ਫ਼ੌਜਾਂ ਛਾਪੇ ਮਾਰਨ ਲੱਗ ਪਈਆਂ, ਤਾਂ ਸਿੰਘ ਕੁਛ ਪਹਾੜਾਂ ਨੂੰ ਚੜ੍ਹ ਗਏ ਤੇ ਕੁਛ ਮਾਲਵੇ ਜਾ ਪੁੱਜੇ। ਕੁਛ ਸੈਂਕੜੇ ਸਿੰਘ ਅੰਮ੍ਰਿਤਸਰ ਰਹਿੰਦੇ ਸਨ। ਉਹਨਾਂ ਦੀ ਖ਼ਬਰ ਜਹਾਨ ਖ਼ਾਂ ਨੂੰ ਪੁੱਜੀ, ਤਾਂ ਉਹ ਆਪ ਫ਼ੌਜ ਲੈ ਕੇ ਅੰਮ੍ਰਿਤਸਰ ਵੱਲ ਚੜ੍ਹ ਪਿਆ।

ਮਿਰਜ਼ਾ

ਗਿਣਤੀ ਦੇ ਹੀ ਸਿੰਘ ਸਨ, ਅੰਮ੍ਰਿਤਸਰ ਦਰਬਾਰ
ਸੁਣੀ ਦੁਰਾਨੀ ਫ਼ੌਜ ਜਾਂ, ਆਉਂਦੀ ਕਈ ਹਜ਼ਾਰ
ਉਹਨਾਂ 'ਚੋਂ ਵੀ ਜਾਣ ਨੂੰ, ਹੋ ਪਏ ਕਈ ਤਿਆਰ
ਇਕ ਬਾਬਾ ਗੁਰਬਖ਼ਸ਼ ਸਿੰਘ, ਸੰਤ ਰੂਪ ਸਰਦਾਰ
ਸਾਮ੍ਹਣੇ ਤਖ਼ਤ ਅਕਾਲ ਦੇ, ਲੈ ਕੇ ਹੱਥ ਤਲਵਾਰ
ਕਰਨ ਲੱਗਾ ਅਰਦਾਸ ਉਹ, ਵਾਹਿਗੁਰੂ ਫ਼ਤਹਿ ਉਚਾਰ
ਇਹ ਵਰ ਬਖ਼ਸ਼ੋ ਸਤਿਗੁਰੂ ! ਆਪਣੀ ਕਿਰਪਾ ਧਾਰ
'ਮੋਹਿ ਮਰਨੇ ਕਾ ਚਾਉ ਹੈ, ਮਰਉ ਤ ਹਰਿ ਕੇ ਦੁਆਰ'
ਸੀਸ ਹੋਵੇ ਪਰਵਾਨ ਜੇ, ਭੇਟ ਕਰਾਂ ਸੌ ਵਾਰ
ਨਿਭ ਜੈ ਮੇਰੀ 'ਸੀਤਲਾ', ਤੋੜ ਆਖ਼ਰੀ ਵਾਰ

ਜਹਾਨ ਖ਼ਾਂ ਦੀ ਚੜ੍ਹਾਈ ਦੀ ਖ਼ਬਰ ਅੰਮ੍ਰਿਤਸਰ ਪੁੱਜੀ, ਤਾਂ ਸਿੰਘਾਂ ਨੇ ਸਲਾਹ ਕੀਤੀ, ਕਿ ਛੱਡ ਕੇ ਜੰਗਲਾਂ ਨੂੰ ਧਾਈ ਕਰ ਚੱਲੀਏ, ਕਿਉਂਕਿ ਸਿੰਘਾਂ ਦੀ ਗਿਣਤੀ ਕੁਝ ਸੈਂਕੜੇ ਹੀ ਹੈ। ਪਰ ਵੈਰੀ ਕਈ ਹਜ਼ਾਰ ਆ ਰਿਹਾ ਹੈ। ਕੇਵਲ ਬਾਬਾ ਗੁਰਬਖ਼ਸ਼ ਸਿੰਘ ਜੀ ਨੇ ਇਹ ਸਲਾਹ ਨਾ ਮੰਨੀ। ਉਹਨੇ ਸੰਗਤ ਵਿਚ ਸਾਫ਼ ਕਹਿ ਦਿੱਤਾ, ਕਿ ਅਸੀਂ ਤਾਂ ਅੱਜ ਸ਼ਹੀਦੀ ਪਰਾਪਤ ਕਰਨ ਦਾ ਫ਼ੈਸਲਾ ਕਰ ਲਿਆ ਹੈ। ਸਾਡੇ ਨਾਲ ਓਹੋ ਸਿੰਘ ਰਹਿਣ, ਜਿਨ੍ਹਾਂ ਸ਼ਹੀਦੀ ਪਾਉਣੀ ਹੋਵੇ। ਬਾਕੀ ਸਿੰਘ ਏਸੇ ਵੇਲੇ ਜੰਗਲਾਂ ਵਿਚ ਚਲੇ ਜਾਵੋ। ਤੇ ਜਿੱਥੇ ਤੇ ਜਿਸ ਹਾਲ ਵਿਚ ਵੀ ਰਹੋ; ਸਦਾ ਪੰਥ ਦੀ ਚੜ੍ਹਦੀ ਕਲਾ ਬਾਰੇ ਸੋਚੋ ਤੇ ਉੱਦਮ ਕਰੋ।

ਇਹ ਗੱਲ ਸੁਣ ਕੇ ਬਾਬਾ ਜੀ ਦੇ ਨਾਲ ਗਿਣਤੀ ਦੇ (ਵੀਹ ਪੰਝੀ) ਸਿੰਘ ਹੀ ਰਹਿ ਗਏ। ਬਾਕੀ ਸਭ ਜੰਗਲਾਂ ਵਿਚ ਜਾ ਵੜੇ। ਬਾਬਾ ਗੁਰਬਖ਼ਸ਼ ਸਿੰਘ ਜੀ ਨੇ ਇਸ਼ਨਾਨ ਕੀਤਾ, ਹਰਿਮੰਦਰ ਸਾਹਿਬ ਮੱਥਾ ਟੇਕਿਆ ਤੇ ਫਿਰ ਅਕਾਲ ਤਖ਼ਤ ਦੇ ਸਾਹਮਣੇ ਸ਼ਹੀਦੀ ਪਰਾਪਤ ਕਰਨ ਵਾਸਤੇ ਅਰਦਾਸ ਕੀਤੀ। ਬਾਬਾ ਜੀ ਪਿੰਡ ਲੀਲ (ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ) ਦੇ ਰਹਿਣ ਵਾਲੇ ਸਨ। ਆਪ ਸਦਾ ਨੀਲਾ ਬਾਣਾ ਰਖਦੇ ਤੇ ਹਰ ਵੇਲੇ ਸਿਮਰਨ ਵਿਚ ਲੀਨ ਰਹਿੰਦੇ । ਆਪ ਦਾ ਜੀਵਨ ਪੂਰਨ ਸਿੱਖ-ਸੰਤਾਂ ਵਾਲਾ ਸੀ। ਪੰਥ ਵਿਚ ਆਪ ਜੀ ਦੀ ਬੜੀ ਮਾਨਤਾ ਸੀ। ਆਪ ਆਪਣੇ ਗਿਣਤੀ ਦੇ ਸਾਥੀਆਂ ਸਣੇ ਹਰਿਮੰਦਰ ਸਾਹਿਬ ਦੀ ਰਾਖੀ ਵਾਸਤੇ ਵੈਰੀ ਦਾ ਟਾਕਰਾ ਕਰਨ ਲਈ ਤਿਆਰ ਹੋ ਖਲੇ।

ਵਾਰ

ਇਉਂ ਸੋਧ ਅਰਦਾਸਾ ਖ਼ਾਲਸੇ
ਰਾਹ ਵੈਰੀਆਂ ਦਾ ਰਹੇ ਨੇ ਤਕੱਾ
ਗਾਨੇ ਬੱਧੇ ਨੇ ਸ਼ਹੀਦੀਆਂ ਦੇ ਯੋਧਿਆਂ
ਲਾੜੀ ਮੌਤ ਦੇ ਵਰਨ ਦਾ ਚੱਾ
ਚੋਲੇ ਕੇਸਰੀ ਸਜਾਏ ਪਰਵਾਨਿਆਂ
ਰਹੇ ਜੋਤ ਕੁਰਬਾਨੀ ਦੀ ਜਗੱਾ
ਪਾਠ ਕਰੇ ਕੋਈ 'ਚੰਡੀ ਦੀ ਵਾਰ' ਦਾ
ਸਾਕਾ ਰਿਹਾ ਕੋਈ 'ਸਰਹਿੰਦ' ਦਾ ਸੁਣੱਾ
ਲੈ ਲੈ ਨਾਮ ਕੋਈ 'ਅਜੀਤ' ਤੇ 'ਜੁਝਾਰ' ਦਾ
ਸਾਖੀ ਰਿਹਾ 'ਚਮਕੌਰ' ਦੀ ਦੁਹਰੱਾ
ਕੋਈ ਮੱਥੇ ਨਾਲ ਲਾ ਲਾ 'ਸ੍ਰੀ ਸਾਹਿਬ' ਨੂੰ
ਮੁਖੋਂ ਰਿਹਾ 'ਜੈ, ਜੈ ਤੇਗੰ' ਗੱਾ
ਦੇਵੇ ਧੂਪ ਕੋਈ ਖੰਡੇ ਨੂੰ ਸੂਰਮਾ
ਰਿਹਾ ਸਗਨ 'ਮਹਾ ਕਾਲ' ਦੇ ਮਨੱਾ

ਤੰਦੀ ਖਿਚ ਖਿਚ ਜੋਹਵੇ ਕੋਈ ਕਮਾਨ ਨੂੰ
ਰਿਹਾ ਤੀਰ ਕੋਈ ਭੱਥੇ ਵਿਚ ਪਾ
ਕੋਈ ਗਜ ਨਾਲ ਭਰੇ ਪਿਆ ਬੰਦੂਕ ਨੂੰ
ਰਿਹਾ ਨਾਗਣ ਕੋਈ ਲਿਸ਼ਕਾਂ
ਚੱਾ ਜਿੰਨ੍ਹਾਂ ਨੂੰ ਸ਼ਹੀਦੀਆਂ ਦਾ 'ਸੀਤਲਾ'
ਪੁਛ ਰਹੇ ਉਹ ਮੌਤ ਦਾ ਭੱਾ

ਏਧਰ ਇਹ ਮੁੱਠੀ ਭਰ ਖ਼ਾਲਸੇ ਬੜੇ ਚੱਾ ਨਾਲ ਮੌਤ ਦੀ ਉਡੀਕ ਕਰ ਰਹੇ ਸਨ। ਓਧਰ ਦੁਰਾਨੀ ਜਰਨੈਲ ਜਹਾਨ ਖ਼ਾਂ ਬੜੀ ਭਾਰੀ ਫ਼ੌਜ ਲਈ ਅੰਮ੍ਰਿਤਸਰ ਵੱਲ ਧਾਈ ਕਰੀ ਆ ਰਿਹਾ ਸੀ। ਦਸ ਹਜ਼ਾਰ ਫ਼ੌਜ ਉਹਦੀ ਆਪਣੀ ਸੀ, ਤੇ ਕਈ ਹਜ਼ਾਰ ਪਿੰਡਾਂ ਦੀਆਂ ਵਾਹਰਾਂ ਹੋਰ ਨਾਲ ਰਲ ਪਈਆਂ। ਉਹ ਆਪਣੇ ਸਿਪਾਹੀਆਂ ਦਾ ਹੌਸਲਾ ਵਧਾਉਣ ਵਾਸਤੇ ਬੜੇ ਜੋਸ਼ ਵਿਚ ਕਹਿੰਦਾ ਆ ਰਿਹਾ ਸੀ।

ਸਾਕਾ

ਚੜ੍ਹਿਆ ਧੌਂਸੇ ਮਾਰ ਕੇ ਜਰਨੈਲ ਦੁਰਾਨੀ
ਨਾਲ ਓਸ ਨੇ ਦਸ ਹਜ਼ਾਰ ਲਈ ਫ਼ੌਜ ਪਠਾਨੀ
ਕਹਿੰਦਾ ਕਰਨੀ ਮੌਤ ਦੀ ਅੱਜ ਰੱਜ ਮਹਿਮਾਨੀ
ਸਿੱਖਾਂ ਦੀ ਬਕਰੀਦ ਜਿਉਂ ਦੇਣੀ ਕੁਰਬਾਨੀ
ਅੰਮ੍ਰਿਤਸਰ ਦੀ ਰਹਿਣ ਨਾ ਕੋਈ ਦੇਉਂ ਨਸ਼ਾਨੀ
ਕਰ ਦੇਊਂ ਉਹਦੇ ਸਰਾਂ ਦਾ ਲਹੂ-ਰੰਗਾ ਪਾਨੀ

ਏਸ ਤਰ੍ਹਾਂ ਹੰਕਾਰ ਵਿਚ ਹਵਾ ਨੂੰ ਤਲਵਾਰਾਂ ਮਾਰਦੀ ਦੁਰਾਨੀ ਫੌਜ ਅੰਮ੍ਰਿਤਸਰ ਦੇ ਨੇੜੇ ਆ ਪੁੱਜੀ। ਅੱਗੇ ਕਲਗੀਧਰ ਦੇ ਸਾਜੇ ਹੋਏ ਵੀਹ-ਪੰਝੀ ਸਿੰਘ ਸ਼ਹੀਦੀ ਗਾਨੇ ਬੱਧੀ ਅਕਾਲ ਤਖ਼ਤ ਦੇ ਮਗਰਲੇ ਪਾਸੇ ਵੈਰੀ ਦਾ ਰਾਹ ਰੋਕਣ ਵਾਸਤੇ ਤਿਆਰ ਖਲੇ ਸਨ। ਅਨੋਖੀ ਲੜਾਈ ਹੋਣ ਵਾਲੀ ਸੀ। ਇਕ-ਇਕ ਦਾ ਹਜ਼ਾਰ-ਹਜ਼ਾਰ ਨਾਲ ਟਾਕਰਾ ਹੋਣਾ ਸੀ। ਸਿੰਘਾਂ ਦੇ ਚਿਹਰਿਆਂ 'ਤੇ

ਅਗੰਮੀ ਖ਼ੁਸ਼ੀ ਝਲਕ ਰਹੀ ਸੀ। ਸਾਥੀਆਂ ਦਾ ਹੌਸਲਾ ਵਧਾਉਣ ਵਾਸਤੇ ਬਾਬਾ ਗੁਰਬਖ਼ਸ਼ ਸਿੰਘ ਜੀ ਤੇਗ਼ ਲਿਸ਼ਕਾਉਂਦੇ ਹੋਏ ਇਉਂ ਬੋਲੇ :

ਬੈਂਤ

ਕਿਹਾ ਤੇਗ਼ ਲਿਸ਼ਕਾਇ ਗੁਰਬਖ਼ਸ਼ ਸਿੰਘ ਨੇ
ਹੋ ਜੌ ਮਰਨ ਦੇ ਲਈ ਤਿਆਰ ਸਿੰਘੋ
ਅੱਜ ਸਿੰਘ ਅਖਵਾਉਣਾ ਸਫਲ ਕਰਨਾ
ਦਿਉ ਧਰਮ ਉਤੋਂ ਸੀਸ ਵਾਰ, ਸਿੰਘੋ
ਹੋਇਆ ਕੀ, ਜੇ ਅਸੀਂ ਹਾਂ ਬਹੁਤ ਥੋੜ੍ਹੇ
ਵੈਰੀ ਚੜ੍ਹ ਆਏ ਕਈ ਹਜ਼ਾਰ, ਸਿੰਘੋ
ਲੱਖਾਂ ਨਾਲ ਚਮਕੌਰ ਵਿਚ ਲੜਨ ਵਾਲੇ
ਅਸੀਂ ਓਹਾ ਅਜੀਤ, ਜੁਝਾਰ, ਸਿੰਘੋ
ਸਾਡੇ ਸਾਮ੍ਹਣੇ ਅੜੇ ਮਜ਼ਾਲ ਕਿਸ ਦੀ?
ਝੱਲੇ ਕਾਲ ਵੀ ਨਾ ਸਾਡੇ ਵਾਰ, ਸਿੰਘੋ
ਬਿਜਲੀ ਬੱਦਲੀਂ ਜਾ ਲੁਕੇ ਸ਼ਰਮ ਖਾ ਕੇ
ਸਾਡੀ ਚਮਕਦੀ ਵੇਖ ਕਲਵਾਰ, ਸਿੰਘੋ
ਲਾਹੋ ਚੱਾ ਅਜ ਜੰਗ ਦੇ ਦੁਸ਼ਮਣਾਂ ਦੇ
ਵੈਰੀ ਮਾਰੋ ਲਲਕਾਰ ਲਲਕਾਰ, ਸਿੰਘੋ
'ਸੀਤਲ' ਗਾਉਣਗੇ ਕੌਮੀ ਪਰਵਾਨਿਆਂ ਦੀ
ਜੁੱਗਾਂ ਤੀਕ ਪਿਛੋਂ ਢਾਡੀ ਵਾਰ, ਸਿੰਘੋ

ਕਿੰਨਾ ਮਰਨ ਚੱਾ ਸੀ ਏਸ ਕੌਮ ਦੀ ਉਸਾਰੀ ਕਰਨ ਵਾਲਿਆਂ ਵਿਚ। ਬੜੇ ਦ੍ਰਿੜ੍ਹ ਭਰੋਸੇ ਨਾਲ ਮੌਤ ਦੇ ਸਾਮ੍ਹਣੇ ਛਾਤੀਆਂ ਡਾਹ ਖਲੇ। ਜਥੇਦਾਰ ਦੇ ਥੋੜ੍ਹੇ ਜੇਹੇ ਸ਼ਬਦਾਂ ਨੇ ਸਿੰਘਾਂ ਵਿਚ ਦੂਣਾ ਜੋਸ਼ ਭਰ ਦਿੱਤਾ। ਉਹਨਾਂ 'ਸਤਿ ਸ੍ਰੀ ਅਕਾਲ' ਤੇ 'ਰਾਜ ਕਰੇਗਾ ਖ਼ਾਲਸਾ' ਦੇ ਜੈਕਾਰਿਆਂ ਨਾਲ ਅਸਮਾਨ ਗੁੰਜੱਾ ਦਿੱਤਾ। ਦੂੱਜੇ ਪਾਸੇ ਜਦ ਸਿੰਘਾਂ ਦੀ ਏਨੀ ਥੋੜ੍ਹੀ ਗਿਣਤੀ ਦਾ ਪਤਾ ਲੱਗਾ,

ਤਾਂ ਵੈਰੀਆਂ ਦੇ ਹੌਸਲੇ ਢੇਰ ਵਧ ਗਏ । ਅੱਗੇ ਵਧ ਕੇ ਜਹਾਨ ਖ਼ਾਂ ਦੇ ਏਲਚੀਆਂ ਨੇ ਬਾਬਾ ਗੁਰਬਖ਼ਸ਼ ਸਿੰਘ ਨੂੰ ਕਿਹਾ, "ਲੜਾਈ ਵਿਚ ਤੁਸੀਂ ਜਿੱਤ ਨਹੀਂ ਸਕੋਗੇ, ਸੋ ਲੜ ਕੇ ਜਾਨਾਂ ਗੁਆਉਣ ਨਾਲੋਂ ਹਥਿਆਰ ਸੁੱਟ ਦਿਓ ਤੇ ਮਾਫ਼ੀ ਮੰਗ ਲਵੋ।"

ਅੱਗੋਂ ਸ਼ੇਰ-ਦਿਲ ਸੰਤ-ਸਿਪਾਹੀ ਬਾਬਾ ਗੁਰਬਖ਼ਸ਼ ਸਿੰਘ ਨੇ ਕਿਹਾ,"ਅਸੀਂ ਜਾਨ ਬਚਾਉਣ ਵਾਸਤੇ ਨਹੀਂ, ਸ਼ਹੀਦ ਹੋਣ ਵਾਸਤੇ ਜਨਮੇ ਹਾਂ। ਅਸਾਂ ਹਥਿਆਰ ਵੈਰੀ ਦੇ ਪੈਰਾਂ ਵਿਚ ਰੱਖਣ ਵਾਸਤੇ ਨਹੀਂ, ਮਰਦਾਂ ਵਾਂਗ ਮੈਦਾਨ ਵਿਚ ਪਰਖਣ ਵਾਸਤੇ ਪਹਿਨੇ ਹਨ। ਅੱਜ ਅਸੀਂ ਆਪਣੇ ਗੁਰੂ ਮਹਾਰਾਜ ਦਾ 'ਸਵਾ ਲਾਖ ਸੇ ਏਕ ਲੜਾਊਂ' ਵਾਲਾ ਮਹਾਂ ਵਾਕ ਸੱਚਾ ਸਾਬਤ ਕਰਨ ਵਾਸਤੇ ਪਿੜ ਮੱਲਿਆ ਹੈ। ਤੁਹਾਡੀ ਕਈ ਹਜ਼ਾਰ ਸੈਨਾ ਨਾਲ ਅੱਜ ਕਲਗ਼ੀਧਰ ਦਾ ਇਕ-ਇਕ ਸਿੰਘ ਲੜੇਗਾ। ਦਿਲ ਵਿਚ ਕੋਈ ਅਰਮਾਨ ਨਾ ਰਹਿ ਜਾਵੇ। ਜਹਾਨ ਖ਼ਾਂ ਨੂੰ ਕਹੋ, ਪਹਿਲ ਕਰ ਲਵੇ। ਖ਼ਾਲਸਾ ਤਿਆਰ-ਬਰ-ਤਿਆਰ ਹੈ।"

ਇਹ ਦਲੇਰਾਨਾ ਉੱਤਰ ਸੁਣ ਕੇ ਦੁਰਾਨੀਆਂ ਦੇ ਫੱਟਾਂ 'ਤੇ ਲੂਣ ਛਿਣਕਿਆ ਗਿਆ। ਕਹਿਰ ਵਿਚ ਜਹਾਨ ਖ਼ਾਂ ਨੇ ਹੱਲਾ ਬੋਲ ਦਿਤਾ।

ਵਾਰ

ਥੋੜ੍ਹੇ ਸਿੰਘ ਟਾਕਰੇ 'ਤੇ ਵੇਖ ਕੇ
ਹੱਲਾ ਬੋਲਿਆ ਦੁਰਾਨੀਆਂ ਵੰਗਾਰ
ਵੀਹ-ਪੰਝੀ ਸਭੋ ਸ਼ੇਰ ਦਸਮੇਸ਼ ਦੇ
ਗ਼ਾਜ਼ੀ ਦੀਨ ਦੇ ਆ ਲੱਥੇ ਕਈ ਹਜ਼ਾਰ
ਨਾਅਰੇ ਲਾਏ ਦੋਹਾਂ ਪਾਸਿਆਂ ਤੋਂ ਯੋਧਿਆਂ
'ਅਲੀ, ਅਲੀ' 'ਕਰਤਾਰ, ਕਰਤਾਰ'
ਅੰਤ ਹੋਏ ਰਣਬੀਰ ਆਮ੍ਹੋ-ਸਾਮ੍ਹਣੇ
ਮਨ-ਭਾਉਂਦੇ ਪਕੜ ਹਥਿਆਰ

ਲੱਥੇ ਝੁੰਡ ਪਰਵਾਨਿਆਂ ਦੇ ਆਣ ਕੇ
ਜਦੋਂ ਜੋਤ ਬਣ ਜਗੀ ਤਲਵਾਰ
ਘੁੰਡ ਮੁੱਖ ਉੱਤੋਂ ਚੁਕਿਆ ਜਾਂ ਮੌਤ ਨੇ
ਮੋਹੇ ਗਏ ਕੇਈ ਬਲੀ ਸਰਦਾਰ
ਕੇਈਆਂ ਹੱਸ ਹੱਸ ਵਾਰੀਆਂ ਜਵਾਨੀਆਂ
ਹੋਏ ਦਿਲਾਂ ਦੇ ਨਹੀਂ, ਸਿਰਾਂ ਦੇ ਬਪਾਰ
ਰੰਗੀ ਗਈ ਰਣਭੂਮੀ ਨਾਲ ਰੱਤ ਦੇ
ਝਿੰਮੀ ਪਹਿਨੀ ਜਿਉਂ ਸੁਹਾਗਣ ਨਾਰ
ਜਿੱਥੇ ਇਕ ਕੇਸਾਧਾਰੀ ਪਿਆ ਲੁਛਦਾ
ਗ਼ਾਜ਼ੀ ਦਸ ਓਥੇ ਡਿੱਗੇ ਸਿਰ ਵਾਰ
ਯਾਦ ਆਇਆ ਚਮਕੌਰ ਫੇਰ 'ਸੀਤਲਾ'
ਇਕ ਇਕ ਸਿੰਘ ਜਾਪਦਾ 'ਜੁਝਾਰ'

ਵੈਰੀਆਂ ਦਾ ਖ਼ਿਆਲ ਸੀ, ਕਿ ਸਿੱਖ ਬੜੇ ਥੋੜ੍ਹੇ ਹਨ ਤੇ ਉਹ—ਬਿਨਾਂ ਲਹੂ ਡੋਲ੍ਹੇ ਹੀ—ਸਾਡੀ ਵਧੇਰੇ ਗਿਣਤੀ ਵੇਖ ਕੇ ਹਥਿਆਰ ਸੁੱਟ ਦੇਣਗੇ। ਬਹੁ-ਗਿਣਤੀ ਦਾ ਘੁਮੰਡ ਆਦਮੀ ਦੇ ਦਿਲ ਵਿਚ ਸਦਾ ਰਿਹਾ ਹੈ। ਘਟ ਗਿਣਤੀ ਦੇ ਬਲ 'ਤੇ ਗੁਣਾਂ ਨੂੰ ਸਮਝਣ ਵਿਚ ਸੰਸਾਰ ਸਦਾ ਭੁਲੇਖਾ ਖਾਂਦਾ ਆਇਆ ਹੈ। ਪਰ ਵਾਹ ਪੈਣ ਉੱਤੇ ਇਤਿਹਾਸ ਏਸ ਭੁਲੇਖੇ ਨੂੰ ਦੂਰ ਕਰਨ ਦਾ ਸਮੇਂ-ਸਮੇਂ ਸਿਰ ਯਤਨ ਕਰਦਾ ਰਿਹਾ ਹੈ। ਜਹਾਨ ਖ਼ਾਂ ਦਾ ਭੁਲੇਖਾ ਵੀ ਦੂਰ ਹੋ ਗਿਆ, ਜਦ ਉਹਨਾਂ ਵੀਹਾਂ-ਪੰਝੀਆਂ ਸ਼ੇਰਾਂ ਨੇ ਵੈਰੀ ਦਲ ਦੇ ਹਜ਼ਾਰਾਂ ਸੂਰਮੇਂ ਧਰਤੀ 'ਤੇ ਲਿਟਾ ਦਿੱਤੇ। ਹਰ ਥਾਂ ਅੰਧਾਧੁੰਧ ਤਲਵਾਰ ਖੜਕਣ ਲੱਗ ਪਈ। ਚੁਫੇਰੇ ਖ਼ੂਨ ਹੀ ਖ਼ੂਨ ਦਿੱਸਣ ਲੱਗਾ। ਪਾਣੀ ਬਿਨਾਂ ਮੱਛੀਆਂ ਵਾਂਗ ਘਾਇਲ ਤੜਫਣ ਲੱਗੇ।

ਸੂਰਮੇਂ ਦਾ ਦਾਈਆ ਜਿੱਤ ਨਾਲ ਨਹੀਂ, ਸਿਰ ਨਾਲ ਹੁੰਦਾ ਹੈ। ਧੜੋਂ ਵਖਰਾ ਹੋ ਕੇ ਸਿਰ ਵੈਰੀ ਦਿਆਂ ਪੈਰਾਂ ਵਿਚ ਬੇਸ਼ਕ ਰੁਲ ਜਾਵੇ, ਪਰ ਜਿਉਂਦੀ

ਜਾਨ ਕਿਸੇ ਅੱਗੇ ਝੁਕਣ ਨੂੰ ਤਿਆਰ ਨਹੀਂ ਹੁੰਦਾ। ਏਹਾ ਮਰਦਾਂ ਵਾਲੀ ਮਰਯਾਦਾ ਬਾਰੇ ਗੁਰਬਖ਼ਸ਼ ਸਿੰਘ ਤੇ ਉਹਦੇ ਸਾਥੀਆਂ ਨੇ ਪਾਲ ਵਿਖਾਈ। ਕਈਆਂ ਨੂੰ ਮਾਰ ਕੇ ਇਕ-ਇਕ ਸਿੰਘ ਸ਼ਹੀਦ ਹੋ ਗਿਆ।

ਸਾਕਾ

ਸੌ ਸੌ ਦੀ ਇਕ ਇਕ ਨਾਲ ਹੋ ਰਹੀ ਲੜਾਈ
ਦੋਹਾਂ ਧਿਰਾਂ ਬਹਾਦਰੀ ਰਣ ਖ਼ੂਬ ਵਿਖਾਈ
ਪਿੱਛੇ ਪੈਰ ਨਾ ਪਰਤਿਆ ਨਾ ਅੱਖ ਭੁਆਈ
ਤੀਰ ਝੱਲਣ ਨੂੰ ਕਿਸੇ ਨੇ ਹਿੱਕ ਢਾਲ ਬਣਾਈ
ਕਈਆਂ ਆਪਣੇ ਇਸ਼ਕ ਦੀ ਅੱਗ ਇਉਂ ਬੁਝਾਈ
ਹੂਰ ਸਮਝ ਕੇ ਤੇਗ਼ ਹੀ ਛਾਤੀ ਨਾਲ ਲਾਈ
ਸੂਰਮਿਆਂ ਦੀ ਖ਼ਾਲਸੇ ਇਉਂ ਰੀਤ ਨਿਭਾਈ
ਇਕ ਸਿੰਘ ਦਸ ਦਸ ਮਾਰ ਕੇ ਸ਼ਹੀਦੀ ਪਾਈ
ਜਦ ਖਾਧੇ ਬਿਨ ਤਲਵਾਰ ਦੇ ਅੰਗ ਰਿਹਾ ਨਾ ਕਾਈ
ਆਖ਼ਰ ਨੂੰ ਗੁਰਬਖ਼ਸ਼ ਸਿੰਘ ਫਿਰ ਫ਼ਤਹਿ ਬੁਲਾਈ
ਮੌਤ ਕੁਆਰੀ ਜਨਮ ਦੀ ਅੱਜ ਗਈ ਪਰਨਾਈ
ਧੰਨ ਖ਼ਾਲਸਾ 'ਸੀਤਲਾ' ਧੰਨ ਜਣਦੀ ਮਾਈ

ਇਕ-ਇਕ ਸਿੰਘ ਅਨੇਕਾ ਫੱਟ ਖਾ ਕੇ ਸ਼ਹੀਦ ਹੋ ਡਿੱਗਾ। ਬਾਬਾ ਗੁਰਬਖ਼ਸ਼ ਸਿੰਘ ਜੀ ਦਾ ਸਾਰਾ ਸਰੀਰ ਵੈਰੀ ਦੇ ਵਾਰਾਂ ਨਾਲ ਲੀਰੋ ਲੀਰ ਹੋ ਗਿਆ। ਉਹ ਧਰਮ ਉਤੋਂ ਜਾਨ ਵਾਰ ਕੇ ਸੱਚ ਖੰਡ ਜਾ ਵੱਸੇ। ਇਹ ਘਟਨਾ ਸੰਨ ੧੨੫੭ ਈ. ਦੀ ਹੈ। ਬਾਬਾ ਜੀ ਦਾ ਸ਼ਹੀਦ ਗੰਜ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਹੈ।

ਜਹਾਨ ਖ਼ਾਂ ਨੇ ਅੰਮ੍ਰਿਤਸਰ 'ਤੇ ਕਬਜ਼ਾ ਕਰ ਲਿਆ। ਉਸਨੇ ਅੰਮ੍ਰਿਤਸਰ ਸਰੋਵਰ ਦਾ ਬਹੁਤ ਸਾਰਾ ਹਿੱਸਾ ਪੂਰ ਦਿੱਤਾ ਤੇ ਸਭ ਗੁਰਧਾਮਾਂ ਦੀ ਬੇਅਦਬੀ ਕੀਤੀ। ਸ਼ਹਿਰ ਦੀ ਹਿੰਦੂ ਸਿੱਖ ਵਸੋਂ ਉੱਤੇ ਮਨ-ਆਏ ਜ਼ੁਲਮ ਢਾਹੇ ਗਏ।

ਇਹਨਾਂ ਸਾਰੀਆਂ ਬੁਰਾਈਆਂ ਦਾ ਬਦਲਾ ਲੈਣ ਵਾਸਤੇ ਮਿਸਲ ਸ਼ਹੀਦਾਂ ਦੇ ਜਥੇਦਾਰ ਬਾਬਾ ਦੀਪ ਸਿੰਘ ਜੀ ਚੜ੍ਹ ਆਏ ਤੇ ੧੧ ਨਵੰਬਰ, ੧੭੫੭ ਈ. ਨੂੰ ਲੜ ਕੇ ਸ਼ਹੀਦੀ ਪਰਾਪਤ ਕਰ ਗਏ।*

ਪ੍ਰਸੰਗ ਲਿਖਿਆ ੧੯-੫-੫੦ ਈ.

ਸਮਾਪਤ

* ਵੇਖੋ 'ਸਿੱਖ ਰਾਜ ਕਿਵੇਂ ਬਣਿਆਂ?' ਤੇ 'ਸੀਤਲ ਤਰੰਗਾਂ'